ੴ


ਮਾਸਕ ਪੱਤਰ

# ਸੂਰਜ

ਅੰਮ੍ਰਿਤਸਰ

## ਤਖਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

MAR 1987



ਮਾਰਚ ੧੯੮੭

ਅਖੰਡ ਕੀਰਤਨੀ ਜਥਿਆਂ ਵਲੋਂ ੧੩ ਤੋਂ ੧੬ ਮਾਰਚ ਸਵੇਰ ਤਕ ਸ੍ਰੀ ਅਨੰਦਪੁਰ ਸਾਹਿਬ ਸਮਾਗਮ ਹੋ ਰਹੇ ਹਨ।

www.AKJ.Org

# ਤ ਤ ਕ ਰਾ


| | | |
|---|---|---|
| ਹੋਲੀ ਕੀਨੀ ਸੰਤ ਸੇਵ ... ... | ੩ | ਬਸੰਤੁ ਮਹਲਾ ੫ |
| ਰੰਗ-ਰਤੜਾ ਬੀਰ-ਰਸੀ ਹੋਲਾ ਮਹੱਲਾ | ੪ | ਸੰਪਾਦਕ |
| ਯਾਰੜੇ ਦਾ ਹੋਲਾ (ਕਵਿਤਾ) | ੮ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਰੰਗੁ ਮਾਣ ਲੈਣਾ ਜੰਗ ਹੋਲਿਆਂ ਦਾ (ਕਾਵਿ) | ੯ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦੀ ਵਯਾਖਯਾ | ੧੦ | ,, ,, ,, |
| ਘਾਟਿ ਨ ਕਿਨ ਹੀ ਕਹਾਇਆ | ੧੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸੱਚੀ ਸੂਰਬੀਰਤਾ ਨਾਮ-ਰੰਗਾਂ ਵਿਚ ਹੀ ਹੈ | ੨੨ | 'ਸੂਰਾ' ਪਰਵਾਰ |
| ਅਰਦਾਸੇ ਦੀ ਮਹੱਤਤਾ (ਕਵਿਤਾ) | ੨੫ | ਸ: ਅਤਰ ਸਿੰਘ ਜੀ ਨੀਰ |
| ਆਪਸੀ ਵਿਰੋਧ ਦਾ ਮੁਖ ਕਾਰਨ | ੨੭ | ਸ: ਨਰੈਣ ਸਿੰਘ ਜੀ ਐਮ. ਏ. |
| 'ਨਾਨਕ' ਰਾਹੁ ਪਛਾਨਣ ਸਿੰਘ (ਕਵਿਤਾ) | ੩੦ | ਸ: ਤੇਗ ਬਹਾਦਰ ਸਿੰਘ ਤੇਗ |
| ਆਪਨੀ ਬਿਧਿ ਆਪਿ ਜਾਣਾਈ | ੩੧ | ਭਾਈ ਰਾਮ ਸਿੰਘ ਜੀ |
| ਪ੍ਰੇਮ-ਸੁਨੇਹੜੇ ਅਤੇ ਪ੍ਰੀਤ-ਮਿਲਣੀਆਂ | ੩੪ | 'ਸੂਰਾ' ਪਰਵਾਰ |
| ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ | ੩੭ | ਡਾ: ਰਤਨ ਸਿੰਘ ਜੀ ਜੱਗੀ |
| ਸ੍ਰੀ ਅਕਾਲ ਤਖ਼ਤ ਸਾਹਿਬ—ਖਾਲਸਾ ਪਾਰਲੀਮੈਂਟ | ੩੯ | ਜਥੇਦਾਰ, ਅ: ਕੀ: ਜਥਾ |
| ਧਰਮ ਤੇ ਸਿਆਸਤ ਦੀ ਭਾਈਵਾਲੀ—ਇਕ ਸਰਵੇਖਣ | ੩੯ | — — — |


ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ ੨੭ ਮਾਰਚ ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ੩੦ ਮਾਰਚ

ਹੋਲਾ ਮਹੱਲਾ ੧੬ ਮਾਰਚ

## ਪਿੰਡ ਭਕੂ ਮਾਜਰਾ (ਰੋਪੜ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸੂਬੇਦਾਰ ਪਿਆਰਾ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੨੧ ਮਾਰਚ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ੧੨ ਵਜੇ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਦਰਸ਼ਨ ਬਖਸ਼ੋ ਜੀ।

## ਸੂਰਾ ਮਾਸਕ ਪੱਤਰ ਨੂੰ ਜਨਵਰੀ-ਫ਼ਰਵਰੀ ਵਿਚ ਪੁਜੀ ਸਹਾਇਤਾ

| | | | |
|---|---|---|---|
| ਸ. ਮਨਜੀਤ ਸਿੰਘ ਜਮਾਲਪੁਰ | ੧੧-੦੦ | ਬੀਬੀ ਬਲਬੀਰ ਕੌਰ-ਸੁਰਿੰਦਰ ਸਿੰਘ ਰੈਡਿੰਗ | ੯੭੧-੧੦ |
| ਸ. ਕਰਤਾਰ ਸਿੰਘ ਗ੍ਰੀਬ ਲੁਧਿਆਣਾ | ੧੧-੦੦ | ਭਾ: ਰਾਮ ਸਿੰਘ ਗ੍ਰੇਵਜ਼ੈਂਡ | ੧੨-੨੦ |
| ਸ. ਹਰਭਜਨ ਸਿੰਘ S. D O. ਫਗਵਾੜਾ | ੨੦-੦੦ | ਬੀਬੀ ਮਨਮੋਹਨ ਕੌਰ ਲੀਮਿੰਗਟਨ | ੧੪-੫੪ |
| ਬੀਬੀ ਸੰਤ ਕੌਰ ਲੁਧਿਆਣਾ | ੫੧-੦੦ | ਗਰਦਵਾਰਾ ਨਾਨਕ ਦਰਬਾਰ ਲਾਏਬ੍ਰੇਰੀ ਯੂ ਕੇ. | ੧੦੯-੦੦ |
| ਸ. ਦਿਆਲ ਸਿੰਘ ਸਲੇਮਪੁਰ ਮਸੰਦਾਂ | ੧੦-੦੦ | ਭਾ. ਬਲਬੀਰ ਸਿੰਘ ਬਿਰਮਿੰਘਮ | ੪੬-੦੦ |
| ਸ. ਗੋਪੀ ਸਿੰਘ ਫਰੀਦਾਬਾਦ | ੫੨-੦੦ | ਭਾ. ਮੋਹਿੰਦਰ ਸਿੰਘ ਰੋਚੈਸਟਰ | ੫੮-੪੦ |
| ਗੁਪਤ ਦਾਨ ਨਦੇਰਲੈਂਡ | ੬੦-੦੦ | ਸ. ਕਰਤਾਰ ਸਿੰਘ ਬੇਦੀ ਮੇਰਠ | ੩੫-੦੦ |
| ਸ. ਅਮਰੀਕ ਸਿੰਘ ਵਿਰਦੀ ਤਰਖਾਣ ਮਜਾਰਾ | ੫-੦੦ | ਸ. ਨਿਰਮਲ ਸਿੰਘ ਸਲੂਰ | ੧੦-੦੦ |
| ਸ. ਹਰਦੀਪ ਸਿੰਘ ਯੂ. ਕੇ. | ੧੫੦-੨੦ | ਗੁਪਤ ਦਾਨ | ੧੦-੦੦ |
| ਸ. ਬਲਵੰਤ ਸਿੰਘ ਸੱਗੂ ਗਲਾਸਗੋ | ੧੫-੦੦ | ਬੀਬੀ ਹਰਨਾਮ ਕੌਰ ਪਟਿਆਲਾ | ੫-੦੦ |
| ਭਾ: ਬਲਦੇਵ ਸਿੰਘ ਲੁਧਿਆਣਾ | | ਚੜ੍ਹਾਵਾ ਸਮਾਗਮ ਮਾਤਾ ਜੀ ਦੀ ਯਾਦ ਵਿਚ | ੧੨੫-੦੦ |
| ਬੀਬੀ ਹਰਜਿੰਦਰ ਕੌਰ ਦਿੱਲੀ ਵਾਲੇ | | ਮਾਤਾ ਬਲਵੰਤ ਕੌਰ ਦੀ ਯਾਦ ਵਿਚ | ੫੦-੦੦ |
| ਭਾ: ਮਹਿੰਦਰ ਸਿੰਘ ਪਟਿਆਲਾ | | ਪ੍ਰਮਜੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੧੧-੦੦ |
| ਬੀਬੀ ਗੋਬਿੰਦ ਕੌਰ ਅੰਬਾਲਾ ਕੈਂਟ | | ਸਰਦਾਰ ਜੀ ਦੀ ਯਾਦ ਵਿਚ | ੧੦੧-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨-੩-੮੭ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੬੮-੦੦
ਹਵਾਈ ਡਾਕ ੧੦੦-੦੦

Foreign Subscription
Sea Mail 40 00
Air Mail 100-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੧ ਮਾਰਚ ੧੯੮੭ ਅੰਕ ੩


## ਹੋਲੀ ਕੀਨੀ ਸੰਤ ਸੇਵ

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤੁ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥

—ਬਸੰਤੁ ਮਹਲਾ ੫, ਪੰਨਾ ੧੧੮੦




www.AKJ.Org

ਸੰਪਾਦਕੀ–

# ਰੰਗ-ਰਤੜਾ ਬੀਰ-ਰਸੀ ਹੋਲਾ ਮਹੱਲਾ

ਸਰਦੀਆਂ ਤੋਂ ਛੁਟਕਾਰਾ ਪਾ ਕੇ ਖੁਲ੍ਹੀ ਰੁਤ ਵਿਚ ਪ੍ਰਵੇਸ਼ ਕਰਦਿਆਂ ਖੁਸ਼ੀ ਪ੍ਰਗਟਾਉਣ ਲਈ ਹੋਲੀਆਂ ਦਾ ਤਿਉਹਾਰ ਇਕ ਦੂਜੇ ਤੇ ਰੰਗ ਸੁਟ ਕੇ ਭਾਰਤ-ਵਾਸੀਆਂ ਵਲੋਂ ਮਨਾਇਆ ਜਾਂਦਾ ਆਇਆ ਹੈ। ਪਰ ਇਹ ਖੁਸ਼ੀ ਅਗਿਆਨਤਾ ਦੀ ਹਦ ਤਕ ਜਾ ਪੁਜੀ ਅਤੇ ਸਿਰ ਮੂੰਹ ਤੇ ਗਲ ਦੇ ਲੀੜੇ ਕਾਲੇ ਨੀਲੇ ਕਰ ਲਏ ਜਾਂਦੇ ਹਨ। ਕਈ ਪ੍ਰਾਂਤਾਂ ਵਿਚ ਚਿਕੜ, ਕੂੜਾ-ਕਰਕਟ ਤੇ ਗੰਦਗੀ ਤਕ ਇਕ ਦੂਜੇ ਵਲ ਸਿਟੇ ਜਾਂਦੇ ਹਨ। ਇਹ ਲੋਕੀ ਨਚਦੇ ਟਪਦੇ ਤੇ ਬੇਹੂਦਾ ਜਹੇ ਟਪੇ ਗੀਤ ਗਾਂਦੇ ਹੋਲੀ ਦਾ ਖ਼ੂਬ ਵਿਖਾਵਾ ਕਰਦੇ ਫਿਰਦੇ ਹਨ।

ਸਤਿਗੁਰੂ ਸਾਹਿਬਾਨ ਨੇ ਗੁਰਸਿਖਾਂ ਨੂੰ ਨਾਮ ਬਾਣੀ ਨਾਲ ਜੁੜਨ ਅਤੇ "ਹੋਲੀ ਕੀਨੀ ਸੰਤ ਸੇਵ" ਦਾ ਆਦੇਸ਼ ਦਿਤਾ। ਗੁਰਸਿਖ ਸੰਗਤਾਂ ਅਤੇ ਸਤਿਗੁਰੂ ਦੀ ਸੇਵਾ ਕਰਨ ਵਿਚ ਹੀ ਮੰਗਲ-ਮਈ ਅਨੰਦ ਹੈ। ਪ੍ਰਭੂ ਜੀ ਦੇ ਸਾਜੇ ਨਿਵਾਜੇ ਸਤਸੰਗ ਦੇ ਸੰਗੀ ਸਾਥੀ ਮਿਲ ਕੇ ਵਾਹਿਗੁਰੂ ਜੀ ਦੇ ਗੁਣ ਗਾਉਣ ਅਤੇ ਨਾਮ-ਰੰਗ ਮਾਣਨ ਵਿਚ ਹੀ ਹੋਲੀ ਦਾ ਅਨੰਦ ਭੁੰਚਦੇ ਹਨ–

ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ (੧੧੮੦)

ਇਉਂ ਨਾਮ-ਰੰਗ ਭੁੰਚਣ ਦੀਆਂ ਹੋਲੀਆਂ ਖੇਡਦੇ ਰਹਿਣ ਵਿਚ ਹੀ ਮਨ ਤਨ ਮਉਲ ਉਠਦੇ ਹਨ, ਐਸਾ ਖੇੜਾ ਖਿੜਿਆ ਰਹਿੰਦਾ ਹੈ ਜੋ ਸਦਾ ਹਰਿਆਂ ਭਰਿਆਂ ਰਖਦਾ ਹੈ ਅਤੇ ਉਮਾਹੇ ਉਤਸ਼ਾਹੇ ਬਖਸ਼ਦਾ ਰਹਿੰਦਾ ਹੈ।

ਗੁਰੂ-ਬਾਣੀ ਵਿਚ ਨਾਮ ਦੇ ਚਲੂਲੇ ਰੰਗ ਹੀ ਹਨ। ਅਤੇ ਇਹ ਰੰਗ ਮਾਣਨ ਦੇ ਗੁਰਵਾਕ ਗੁਰਸਿਖਾਂ ਨੂੰ ਸੋਧ ਦੇ ਰਹੇ ਹਨ ਕਿ ਇਨ੍ਹਾਂ ਬਾਹਰਲੇ ਰੰਗਾਂ ਵਿਚ ਨਾ ਖਚਤ ਹੋਵੋ, ਸਗੋਂ–

(ੳ) ਮਨ ਰੰਗਹੁ ਵਡਭਾਗੀਹੋ, ਗੁਰ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦਿੜਾਏ ਰੰਗ ਸਿਉ, ਹਉ ਸਤਿਗੁਰ ਕੈ ਬਲਿ ਜਾਉ ॥ (ਪੰਨਾ ੪੦)

(ਅ) ਏ ਮਨ ਰੂੜੇ ਰੰਗੁਲੇ, ਤੂੰ ਸਚਾ ਰੰਗੁ ਚੜਾਏ ॥
ਰੂੜੀ ਬਾਣੀ ਜੇ ਰਪੈ, ਨਾ ਇਹ ਰੰਗੁ ਲਹੈ ਨ ਜਾਏ ॥ (੪੨੭)

(ੲ) ਲਾਲ ਗੁਲਾਲ ਗਹਿਬਰਾ, ਸਚਾ ਰੰਗ ਚੜਾਉ ॥ (ਪੰਨਾ ੧੮)

ਸਤਿਗੁਰ ਸੱਚੇ ਪਾਤਸ਼ਾਹ ਜੀ ਵਲੋਂ ਗੁਰਸਿਖਾਂ ਨੂੰ ਨਾਮ ਦੇ ਜੋ ਰੰਗ ਬਖ਼ਸ਼ੇ ਜਾਂਦੇ ਹਨ, ਉਹ ਐਸੇ ਸੁਹਾਵਣੇ, ਮਨਮੋਹਣੇ, ਸੁੰਦਰਾਵਲੇ ਤੇ ਰੰਗਾਵਲੇ ਹੁੰਦੇ ਹਨ, ਜੋ ਪ੍ਰਾਣੀ ਨੂੰ ਸਦਾ ਗੂੜ੍ਹੇ ਰੰਗਾਂ ਵਿਚ ਰੰਗੀ ਰਖਦੇ ਹਨ–

– ਮੇਰਾ ਪ੍ਰਭੁ ਰਾਂਗਿ ਘਣੌ ਅਤਿ ਗੂੜੌ ॥
ਦੀਨ ਦਇਆਲੁ ਪ੍ਰੀਤਮ ਮਨਮੋਹਨੁ, ਅਤਿ ਰਸ ਲਾਲ ਸਗੂੜੌ ॥ (ਪੰਨਾ ੧੩੩੧)

ਅਤੇ– ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲ ॥
ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰੁ ਖਿਆਲੁ ॥੩॥ (ਪੰਨਾ ੧੦੯੭)

ਦਸਮ ਪਾਤਸ਼ਾਹ ਜੀ ਗੁਰਸਿਖਾਂ ਨੂੰ ਨਿਤ ਨਾਮ-ਰੰਗਾਂ ਵਿਚ ਰੰਗਣ ਲਈ ਸਵੇਰੇ ਸ਼ਾਮ ਅਨੰਦਪੁਰੀ ਵਿਚ ਕੀਰਤਨ-ਅਖਾੜੇ ਸਜਾਂਦੇ ਅਤੇ ਸਮੂਹ ਹੰਸ ਮਰਜੀਊੜੇ ਨਾਮ-ਚੋਗ ਚੁਗਣ ਲਈ ਗੁਰੂ-ਦਰਬਾਰ ਵਿਚ ਸੱਚੇ ਪਾਤਸ਼ਾਹ ਦੇ ਦਰਸ਼ਨ ਪਰਸਦੇ ਅਤੇ ਚੋਜੀ ਪਾਤਸ਼ਾਹ ਦੀ ਅੰਮ੍ਰਿਤ-ਕ੍ਰਿਸ਼ਮਾਇਣੀ ਦ੍ਰਿਸ਼ਟੀ ਦੇ ਪਾਤਰ ਹੋ ਕੇ ਰਜ ਰਜ ਇਲਾਹੀ ਰੰਗ ਦੇ ਛਾਂਦੇ ਭੁੰਚਦੇ। ਕਲਗੀਧਰ ਜੀ ਦੇ ਨੂਰਾਨੀ ਦਰਸ਼ਨਾਂ ਦਾ ਮੁੱਠਾ ਹੋਇਆ ਸੇਵਕ, ਆਪ ਜੀ ਦੇ ਸੁੰਦਰਾਵਲੇ ਇਕ ਇਕ ਕੇਸ ਤੋਂ ਦੋ ਜਹਾਨ ਵਾਰਨ ਵਾਲਾ ਭੌਰਾ ਭਾਈ ਨੰਦ ਲਾਲ ਸਾਹਿਬ, ਇਸ ਇਲਾਹੀ ਦਰਬਾਰ ਵਿਚ ਨਿਤ ਨਵੇਂ ਚਲੂਲੇ ਰੰਗ ਮਾਣਦੇ ਹੋਇਆਂ, ਦਸਮੇਸ਼ ਦਰਬਾਰ ਵਿਚ ਨਿਤ ਵਰਤੀਂਦੇ ਹੋਲੀ ਦੇ ਅਨੂਪਮ ਰੰਗ ਦਾ ਜ਼ਿਕਰ, ਆਪਣੀ ਰਚਿਤ ਗ਼ਜ਼ਲ ਨੰਬਰ ੩੩ ਵਿਚ ਇਉਂ ਕਰਦੇ ਹਨ–



www.AKJ.Org

ਗੁਲਿ ਹੋਲੀ ਬਬਾਗਿ ਦਹਰ ਬੂ ਕਰਦ ॥ ਲਬਿ ਚੂੰ ਗੁੰਚਾ ਰਾ, ਫ਼ਰਖ਼ੰਦਾ ਖ਼ੂ ਕਰਦ ॥੧॥
ਗੁਲਾਲੋ ਅੰਬਰੋ ਮੁਸ਼ਕੋ ਅਬੀਰੇ ॥ ਚੁ ਬਾਰਾਂ ਬਾਰਿਸ਼ੇ ਅਜ਼ ਸੂ-ਬ-ਸੂ ਕਰਦ ॥੨॥
ਜ਼ਹੇ ਪਿਚਕਾਰੀਏ ਪੁਰ ਜ਼ਾਫ਼ਰਾਨੀ ॥ ਕਿ ਹਰ ਬੇਰੰਗ ਰਾ ਖ਼ੁਸ਼-ਰੰਗੋ ਬੂ ਕਰਦ ॥੩॥
ਗੁਲਾਲ ਅਫ਼ਸ਼ਾਨੀਏ ਦਸਤਿ ਮੁਬਾਰਿਕ ॥ ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ ॥੪॥
ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼ ॥ ਚੂ ਸ਼ਾਹਮ ਜਾਮਾ ਰੰਗੀਂ, ਦਰ ਗੁਲੂ ਕਰਦ ॥੫॥
ਕਸੇ ਕੋ ਦੀਦ ਦੀਦਾਰੇ ਮੁਕੱਦਸ ॥ ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ ॥੬॥
ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ ॥ ਦਿਲਿ 'ਗੋਯਾ' ਹਮੀਂ ਰਾ ਆਰਜ਼ੂ ਕਰਦ ॥੭॥

ਇਸ ਗ਼ਜ਼ਲ ਵਿਚ ਆਪ ਜੀ ਬਿਆਨ ਕਰਦੇ ਹਨ ਕਿ ਜਦੋਂ (ਸਤਸੰਗਤ ਵਿਚ) ਨਾਮ-ਰੰਗ ਰਤੜੀ ਦਸ਼ਾ ਵਿਚ ਹੋਲੀ ਦਾ ਫੁੱਲ ਖਿੜਦਾ ਹੈ ਤਾਂ ਚਾਰੇ ਪਾਸੇ ਸਾਰੇ ਸੰਸਾਰ ਵਿਚ ਨਾਮ-ਸੁਗੰਧੀ ਪਸਰ ਜਾਂਦੀ ਹੈ, ਜਿਸ ਨਾਲ ਸਭ ਅਣਖਿੜੇ ਫੁਲ ਖਿੜ ਪੈਂਦੇ ਹਨ। ਗੁਲਾਬ, ਅੰਬਰ, ਕਸਤੂਰੀ ਆਦਿ ਸੁਗੰਧੀਆਂ ਵਾਂਗ ਨਾਮ-ਰੰਗ ਦੀ ਸੁਗੰਧੀ ਹਰ ਪਾਸੇ ਮੀਂਹ ਵਾਂਗ ਵਰਸਣ ਲੱਗ ਪੈਂਦੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਜੀ ਆਪਣੇ ਕਰ-ਕਮਲਾਂ ਨਾਲ ਕੇਸਰ ਦੀ ਸੁਗੰਧੀ ਸਮਾਨ ਭਿੰਨੇ ਭਿੰਨੇ ਨਾਮ-ਰੰਗ ਦੀ ਪਿਚਕਾਰੀ ਦੁਆਰਾ ਕੋਰੇ, ਖ਼ੁਸ਼ਕ ਤੇ ਸੁੱਕੇ ਹਿਰਦਿਆਂ ਨੂੰ ਨਾਮ ਦੇ ਚਲੂਲੇ ਰੰਗਾਂ ਵਿਚ ਰੰਗ-ਰਤੜੇ ਕਰ ਦਿੰਦੇ ਹਨ। ਫਿਰ ਉਨ੍ਹਾਂ ਨਾਮ-ਰੰਗ-ਰਤੜੇ ਨੈਣਾਂ ਨੂੰ ਹਰ ਪਾਸੇ ਧਰਤੀ ਤੋਂ ਅਕਾਸ਼ ਤਾਈਂ ਸਾਰੇ ਪੁਲਾੜ ਵਿਚ ਹੀ ਨਾਮ ਦੀਆਂ ਲਾਲੀਆਂ ਤੇ ਸੁਗੰਧੀਆਂ ਦਾ ਪਸਾਰਾ ਪਸਰਿਆ ਹੋਇਆ ਦੀਹਦਾ ਹੈ।

ਭਾਈ ਸਾਹਿਬ ਜੀ ਫਿਰ ਬਿਆਨ ਕਰਦੇ ਹਨ ਕਿ ਜਦੋਂ ਕਲਗੀਧਰ ਪਾਤਸ਼ਾਹ ਰੰਗਦਾਰ ਪੁਸ਼ਾਕਾ ਗਲ ਪਾਉਂਦੇ ਹਨ, ਕਲਗੀ-ਜਿਗ਼ਾ ਵਾਲਾ ਜਾਮਾ ਅਤੇ ਸ਼ਸਤਰ-ਬਸਤਰ ਸਜਾਂਦੇ ਹਨ ਤਾਂ ਨਾਮ-ਰੰਗ ਦੀਆਂ ਨੂਰਾਨੀ ਝਲਕਾਂ ਵਿਚ ਨੂਰਾਨੀ ਜਲੌ ਦੇ ਤੇਜ-ਪਰਤਾਪ ਨਾਲ ਦੀਨ-ਦੁਨੀਆ ਦੋਵੇਂ ਜਹਾਨ ਜਗਮਗਾ ਉਠਦੇ ਹਨ। ਅਤੇ ਜਦੋਂ ਉਹ ਕਿਸੇ ਤੇ ਤਰੁੱਠ ਕੇ ਆਪਣੀ ਕਿਰਪਾ-ਦ੍ਰਿਸ਼ਟੀ ਸੁਟਦੇ ਹਨ ਤਾਂ ਉਸ ਦੀਆਂ ਉਮਰ ਭਰ ਦੀਆਂ ਮਨ-ਇਛਤ ਮੁਰਾਦਾਂ—ਦਰਸ਼ਨ ਦੀਆਂ ਸਿਕਾਂ—ਪੂਰੀਆਂ ਹੋ ਜਾਂਦੀਆਂ ਹਨ, ਉਹ ਨਦਰੀ ਨਦਰ ਨਿਹਾਲ ਹੋ ਜਾਂਦਾ ਹੈ।

ਅੰਤ ਵਿਚ ਭਾਈ ਨੰਦ ਲਾਲ ਜੀ ਜੋਦੜੀ ਕਰਦੇ ਹਾਂ ਕਿ ਜਿਸ ਸੰਗਤ ਵਿਚ ਇਹ ਨਾਮ-ਰੰਗ ਦੇ ਅਨੂਠੇ ਛਾਂਦੇ ਵਰਤੀਂਦੇ ਹਨ ਅਤੇ ਨਾਮ-ਸੁਗੰਧੀਆਂ ਨਾਲ ਸਾਰਾ ਮਾਹੌਲ ਹੀ ਸੁਗੰਧਤ ਹੋ ਰਿਹਾ ਹੁੰਦਾ ਹੈ, ਉਸ ਸੰਗਤ ਤੋਂ ਦਾਸ 'ਗੋਇਆ' ਦਾ ਦਿਲ ਵਾਰਨੇ ਬਲਿਹਾਰਨੇ ਹੋ ਹੋ ਜਾਂਦਾ ਹੈ।

( ੨ )

ਸਤਿਗੁਰੂ ਸਾਹਿਬਾਨ ਦਸ ਜਾਮਿਆਂ ਵਿਚ ਪੂਰਨ ਪੁਰਖ ਤਿਆਰ ਕਰਨ ਲਈ ਸਿਖਾਂ ਨੂੰ ਇਕ ਪਾਸੇ ਨਾਮ ਬਾਣੀ ਦੇ ਲੜ ਲਾ ਕੇ "ਸੰਤ" ਪਦ ਦੀ ਅਤੇ ਦੂਜੇ ਪਾਸੇ ਅਣਖੀ, ਗ਼ੈਰਤਮੰਦ, ਬੇਖ਼ੌਫ਼ ਤੇ ਬੀਰ-ਰਸੀ ਗੁਣਾਂ ਨਾਲ ਸ਼ਿੰਗਾਰ ਕੇ "ਸਿਪਾਹੀ" ਦੀ ਸਪਿਰਿਟ ਬਖ਼ਸ਼ਦੇ ਰਹੇ। ਪਹਿਲੇ ਜਾਮੇ ਵਿਚ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਜਿਥੇ ਸਿਖਾਂ ਨੂੰ ਇਸ ਪ੍ਰੇਮ ਗਲੀ ਵਿਚ ਆਉਣ ਲਈ ਪ੍ਰੇਰਨਾ ਕੀਤੀ ਉਥੇ ਸਿਰ-ਧੜ ਦੀ ਬਾਜ਼ੀ ਲਾਉਣ ਲਈ ਵੀ ਸੀਸ-ਭੇਟ ਕਰਨ ਦੀ ਲਲਕਾਰ ਦਿਤੀ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੨)

ਉਸ ਜ਼ੁਲਮ-ਰਾਜ ਵਿਚ ਜਦੋਂ ਕਿ ਕੋਈ ਕੁਸਕ ਨਹੀਂ ਸਕਦਾ ਸੀ, ਨਿਰੰਕਾਰੀ ਪਾਤਸ਼ਾਹ ਨੇ ਬੜੀ ਦਲੇਰੀ ਨਾਲ ਵਜ਼ੀਰਾਂ ਅਮੀਰਾਂ ਰਾਜਿਆਂ ਤੇ ਕਾਜ਼ੀਆਂ ਮੁਲਾਣਿਆਂ ਨੂੰ ਰਤ ਪੀਣੇ, ਵਢੀ-ਖ਼ੋਰ ਤੇ ਕਸਾਈ ਕਹਿ ਕੇ ਨਸ਼ਰ ਕੀਤਾ—

— ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸੁ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧॥੧੬॥ (ਪੰਨਾ ੧੬੫)



www.AKJ.Org

– ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥੨॥੨੨॥ (ਪੰਨਾ ੧੨੮੮)

– ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥੧॥੧੧॥ (ਪੰਨਾ ੯੫੧)

ਸਰਕਾਰੀ ਰੁਕਨ ਮਲਕ ਭਾਗੋ ਨੂੰ ਭਰੀ ਸਭਾ ਅੰਦਰ ਉਸ ਦੇ ਛਤੀ ਪਰਕਾਰ ਦੇ ਭੋਜਨਾਂ ਵਿਚ ਲਹੂ ਦੀ ਕਮਾਈ ਸਿੰਜਰੀ ਹੋਈ ਪਰਗਟ ਪਹਾਰੇ ਵਿਖਾ ਕੇ, ਉਸ ਨੂੰ ਰਤ-ਪੀਣਾ ਹਾਕਮ ਦਸਣਾ, ਗੁਰੂ ਨਾਨਕ ਪਾਤਸ਼ਾਹ ਦੀ ਅਣਖ ਹੀ ਵੰਗਾਰ ਸਕਦੀ ਹੈ ।

ਇਸੇ ਅਣਖ, ਗ਼ੈਰਤ ਤੇ ਬੇਖ਼ੌਫ਼ ਜੀਵਨ ਜੀਣ ਲਈ ਦਸ ਜਾਮਿਆਂ ਵਿਚ ਸਿਖ ਨੂੰ ਤਿਆਰ ਕੀਤਾ ਜਾਂਦਾ ਰਿਹਾ ਅਤੇ ਅੰਤ ਵਿਚ ਦਸਮ ਪਾਤਸ਼ਾਹ ਨੇ ਸਿਖ ਨੂੰ ਖਾਲਸੇ ਦਾ ਰੂਪ ਦੇ ਕੇ ੧੬੯੯ ਈਸਵੀ ਦੀ ਵਿਸਾਖੀ ਨੂੰ ਤਿਆਰ-ਬਰ-ਤਿਆਰ ਸਿੰਘ ਸਜਾ ਦਿਤਾ ।

ਉਸ ਸਮੇਂ ਜ਼ੁਲਮ ਕਹਿਰ ਦੀ ਜੋ ਹਨੇਰੀ ਝੁਲ ਰਹੀ ਸੀ, ਉਸ ਬਾਰੇ ਲਾਲਾ ਦੌਲਤ ਰਾਮ ਆਪਣੀ ਪੁਸਤਕ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ" ਦੇ ਮੁਖ-ਬੰਧ ਵਿਚ ਲਿਖਦਾ ਹੈ–

"ਇਸਲਾਮ ਦਾ ਦੌਰ ਹਿੰਦੂਆਂ ਦੇ ਕਤਲ, ਤਬਾਹੀ ਤੇ ਬਰਬਾਦੀ ਦਾ ਹੀ ਕਾਂਡ ਹੈ । ਹਜ਼ਾਰਾਂ ਨਿਤ ਨਵੇਂ ਸੂਰਜ ਕਤਲ ਕੀਤੇ ਜਾਂਦੇ ਤੇ ਰਤ ਦੀਆਂ ਨਹਿਰਾਂ ਵਗਦੀਆਂ । ਲਖਾਂ ਮਰਦਾਂ ਤੇ ਜ਼ਨਾਨੀਆਂ ਨੂੰ ਗੁਲਾਮ ਤੇ ਲੌਂਡੀਆਂ ਬਣਾ ਕੇ ਉਹਨਾਂ ਦਾ ਮਾਲਮਤਾ ਲੁਟ ਲਿਆ ਜਾਂਦਾ ।......ਮੁਸਲਮਾਨ ਜੇਤੂ, ਪੱਥਰ-ਦਿਲ ਸਨ ਤੇ ਉਹਨਾਂ ਨੂੰ ਆਪਣੀ ਪਰਜਾ ਨੂੰ ਬੇਰਹਿਮੀ ਅਤੇ ਬੇਦਰਦੀ ਨਾਲ ਕਤਲਿ-ਆਮ ਕਰਵਾਉਣ ਲਗਿਆਂ ਕਦੇ ਵੀ ਤਰਸ ਦਾ ਖ਼ਿਆਲ ਤਕ ਨਹੀਂ ਸੀ ਆਉਂਦਾ ।"

ਦੂਜੇ ਪਾਸੇ ਹਿੰਦੂਆਂ ਦੀ ਬੇ-ਅਣਖੀ, ਬੇਗ਼ੈਰਤੀ ਤੇ ਕਾਇਰਤਾ ਦਾ ਚਿਤਰ ਲਾਲ ਦੌਲਤ ਰਾਮ ਇਉਂ ਚਿਤਰਦਾ ਹੈ–

'ਹਿੰਦੂਆਂ ਦੀ ਬੇਹਿੰਮਤੀ, ਬੇਇਜ਼ਤੀ, ਖ਼ੁਦਗਰਜ਼ੀ, ਬੇਸਮਝੀ ਤੇ ਕਮ-ਅਕਲੀ ਦੇ ਕਾਰਨ ਲਭਿਆਂ ਇਹੋ ਹੀ ਦਿਸਦਾ ਹੈ ਕਿ ਉਹ ਬਾਰ ਬਾਰ ਤੇ ਹਰ ਰੋਜ਼ ਵੇਖਦੇ ਸਨ ਕਿ ਉਹ ਇਕ ਇਕ ਕਰ ਕੇ ਸਾਰੇ ਤਬਾਹ, ਬਰਬਾਦ ਤੇ ਨਾਸ ਹੋ ਰਹੇ ਹਨ । ਲਖਾਂ ਕਤਲ ਹੁੰਦੇ ਸਨ ਤੇ ਗ਼ੁਲਾਮ ਬਣਦੇ ਸਨ । ਮੰਦਰ ਤੇ ਮੂਰਤੀਆਂ ਟੁਟ ਰਹੀਆਂ ਸਨ । ਫਿਰ ਵੀ ਇਕ ਦੂਜੇ ਦਾ ਤਮਾਸ਼ਾ ਵੇਖਣ ਦੀ ਹੀ ਰੁਚੀ ਸੀ ਤੇ ਕਿਸੇ ਨੂੰ ਵੀ ਇਹ ਸੁਝਦਾ ਨਹੀਂ ਸੀ ਕਿ ਜ਼ਰਾ ਮਿਲ ਕੇ ਦੁਸ਼ਮਨ ਦਾ ਟਾਕਰਾ ਕਰੀਏ, ਇਕੋ ਇਰਾਦਾ ਤੇ ਨਿਸ਼ਾਨਾ ਬਣਾ ਕੇ ਟੁਟ ਕੇ ਜਾ ਪਈਏ ਅਤੇ ਉਸ ਨੂੰ ਨੁਕਸਾਨ ਪਹੁੰਚਾਈਏ । ਹਰ ਕੋਈ ਆਪਣੇ ਆਪਣੇ ਵਿਚ ਹੀ ਮਸਤ ਰਿਹਾ ਤੇ ਅੰਤ ਸਾਰੇ ਹੀ ਨਸ਼ਟ ਹੋ ਗਏ ।"

ਐਸੇ ਭਿਆਨਕ ਸਮੇਂ ਦੁਸ਼ਟ ਦਮਨ ਕਲਗੀਧਰ ਪਾਤਸ਼ਾਹ ਨੇ ਖਾਲਸੇ ਨੂੰ ਆਪਣਾ ਉਦੇਸ਼ ਦਸਿਆ ਕਿ–

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥

[ਬਚਿਤ੍ਰ ਨਾਟਕ ਪਾ: ੧੦, ਧਿਆਇ ੬

ਧਰਮ ਦਾ ਹਲੇਮੀ ਰਾਜ ਕਾਇਮ ਕਰਨ ਲਈ ਅਤੇ ਦੁਸ਼ਟਾਂ ਦੋਖੀਆਂ ਨੂੰ ਮਾਰ ਪਛਾੜਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਅੰਦਰ ਨਾਮ-ਰਸ ਦੇ ਨਾਲ ਬੀਰ-ਰਸ ਦਾ ਸਿੰਚਾਰ ਕੀਤਾ, ਖਾਲਸੇ ਨੂੰ 'ਸੰਤ' ਦੇ ਨਾਲ ਹੀ 'ਸਿਪਾਹੀ' ਬਣਾਇਆ ਅਤੇ ਨਾਮ-ਰੰਗਾਂ ਵਿਚ "ਹੋਲੀ ਕੀਨੀ ਸੰਤ ਸੇਵ" ਦੇ ਨਾਲ ਨਾਲ ਹੀ ਬੀਰ-ਰਸੀ ਹੋਲਾ ਮਹੱਲਾ ਖੇਡਣ ਦੀ ਰੀਤ ਸੰਮਤ ੧੭੫੭ ਚੇਤਰ ਵਦੀ ੧ ਨੂੰ ਕਿਲ੍ਹਾ ਹੋਲਗੜ੍ਹ ਵਿਚ ਦੀਵਾਨ ਸਜਾ ਕੇ ਚਲਾਈ ।

ਹੋਲਾ ਮਹੱਲਾ ਸ਼ਬਦ ਦੀ ਵਿਆਖਿਆ ਭਾਈ ਕਾਨ੍ਹ ਸਿੰਘ ਜੀ 'ਮਹਾਨ ਕੋਸ਼' ਵਿਚ ਇਉਂ ਕਰਦੇ ਹਨ–

"ਹਮਲਾ ਅਤੇ ਜਾਯ ਹਮਲਾ । ਹੱਲਾ ਅਤੇ ਹੱਲੇ ਦੀ ਥਾਂ । ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁਧ ਵਿਦਯਾ ਵਿਚ ਨਿਪੁਣ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ



www.AKJ.Org

ਸਿੰਘਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨ। ਕਲਗੀਧਰ ਇਸ ਮਸਨੂਈ ਜੰਗ ਦਾ ਕਰਤਬ (manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸੁਭ ਸਿਖਯਾ ਦੇਂਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ।''

ਕਲਗੀਧਰ ਜੀ ਦੇ ਬਖਸ਼ੇ ਇਸੇ ਯੁਧ-ਅਭਿਆਸ ਦਾ ਸਦਕਾ ਹੀ ਖਾਲਸੇ ਨੇ ਉਹ ਉਹ ਕਰਤਬ ਕਰ ਵਿਖਾਏ ਕਿ ਦੁਨੀਆ ਨੂੰ ਹੈਰਾਨ ਕਰ ਦਿੰਦੇ ਰਹੇ। ਯੁਧ-ਅਭਿਆਸ ਦੇ ਦਾਉ-ਪੇਚਾਂ ਸਦਕਾ ਹੀ ਬੜੀ ਥੋੜੀ ਗਿਣਤੀ ਵਿਚ ਹੁੰਦਿਆਂ ਵੀ ਘਰੋਂ ਬੇਘਰ ਹੋ ਕੇ ਤੇ ਜੰਗਲਾਂ ਬੇਲਿਆਂ ਵਿਚ ਵਿਚਰ ਕੇ ਅਬਦਾਲੀ ਦੀਆਂ ਲਖਾਂ ਦੀਆਂ ਫੌਜਾਂ ਨੂੰ ਵਖਤ ਪਾਈ ਰਖਦੇ ਅਤੇ ਉਸ ਪਾਸੋਂ ਮਾਲ ਖਜ਼ਾਨੇ ਦੀ ਲੁਟ ਦੇ ਨਾਲ ਹੀ, ਹਜ਼ਾਰਾਂ ਹਿੰਦੂ ਯੁਵਤੀਆਂ ਨੂੰ ਛੁੜਾ ਕੇ ਉਨ੍ਹਾਂ ਦੇ ਘਰੀਂ ਪੁਚਾਂਦੇ ਅਤੇ ਭਾਰਤ ਦੀ ਪੱਤ-ਆਬਰੂ ਦੇ ਰਾਖੇ ਬਣਦੇ ਰਹੇ। ਖਾਲਸਾ ਇਸੇ ਬੀਰ-ਰਸੀ ਸਪਿਰਿਟ ਦੇ ਚਾਉ-ਉਮਾਉ ਅਤੇ ਚੜ੍ਹਦੀਆਂ ਕਲਾ ਵਿਚ ਰਹਿ ਕੇ ਆਪਣੀ ਅਣਖ ਤੇ ਗ਼ੈਰਤ ਨੂੰ ਕਦੇ ਆਂਚ ਨਾ ਲਗਣ ਦੇਂਦੇ ਰਹੇ। ਉਹ ਭਿਆਨਕ ਦੁਖਾਂ ਤਸੀਹਿਆਂ, ਭੁਖਾਂ ਨੰਗਾਂ ਵਿਚ ਰਹਿ ਕੇ ਵੀ, ਝਾੜੀਆਂ ਤੇ ਬ੍ਰਿਛਾਂ ਦੀ ਓਟ ਵਿਚ ਰਾਤਾਂ ਕਟ ਕੇ ਵੀ ਬੇਖ਼ੌਫ਼ ਤੇ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਰਹੇ। ਉਨ੍ਹਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਜ਼ਾਲਮਾਂ ਨੇ ਸਿਖ ਮਾਤਰ ਨੂੰ ਫੜ ਲਿਆਉਣ, ਸੀਸ ਕਤਲ ਕਰ ਲਿਆਉਣ ਜਾਂ ਸੂਹ ਦੇਣ ਵਾਲਿਆਂ ਨੂੰ ਇਨਾਮ ਦਿਤੇ ਜਾਂਦੇ ਰਹੇ, ਸਿਖਾਂ ਦੇ ਸਿਰਾਂ ਦੇ ਮੁਲ ਪੈਂਦੇ ਰਹੇ ਅਤੇ ਲਾਹੌਰ ਨਿਖਾਸ ਚੌਕ ਵਿਚ ਸ਼ਹੀਦਗੰਜ ਵਾਲੇ ਥਾਂ ਤੇ ਲਿਆ ਕੇ ਬਿਕਰਾਲ ਤਸੀਹੇ ਦੇ ਦੇ ਕੇ ਸ਼ਹੀਦ ਕੀਤੇ ਜਾਂਦੇ ਰਹੇ, ਪਰ ਕਦੇ ਕਿਸੇ ਸਿਖ ਨੇ ਜ਼ਾਲਮਾਂ ਦੀ ਈਨ ਨਾ ਮੰਨੀ, ਅਤੇ ਸਿਖੀ ਸਿਦਕ ਨੂੰ ਕੇਸਾਂ ਸੁਆਸਾਂ ਨਾਲ ਤੋੜ ਨਿਭਾਂਦੇ ਰਹੇ।

ਖਾਲਸੇ ਦਾ ਉਚਾ ਨਿਸ਼ਾਨਾ ਸੀ। ਉਹ ਸਾਰੇ ਮਿਲ ਕੇ ਇਕ ਜਾਨ ਹੋ ਕੇ, ਇਕ ਦੂਜੇ ਤੋਂ ਵਾਰਨੇ ਜਾਂਦੇ, ਗੁਰਸਿਖਾਂ ਵਾਲਾ ਜੀਵਨ ਬਿਤਾਂਦੇ ਹੋਏ ਜ਼ਾਲਮਾਂ ਸੰਗ ਜੂਝਦੇ ਰਹੇ। ਕਈ ਵਾਰ ਜ਼ਾਲਮਾਂ ਨੇ ਸਿਖ ਮਾਤਰ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਜ਼ੁਲਮ ਦੇ ਉਹ ਝਖੜ ਝੁਲਾਏ ਕਿ ਵਡੇ ਛੋਟੇ ਘਲੂਘਾਰਿਆਂ ਵਿਚ ਸਿਖਾਂ ਦਾ ਘਾਣ ਬੱਚਾ ਪੀੜ ਦਿਤਾ ਜਾਂਦਾ ਰਿਹਾ। ਸਿਖ ਨਾਂ-ਮਾਤਰ ਹੀ ਬਾਕੀ ਰਹਿ ਜਾਂਦੇ ਰਹੇ। ਪਰ ਖਾਲਸੇ ਦਾ ਉਚਾ ਸੁਚਾ ਕਿਰਦਾਰ ਅਤੇ ਨਿਰਮਲ ਕਰਣੀ ਅੰਤ ਮੁਗ਼ਲ ਰਾਜ ਦੀਆਂ ਜੜ੍ਹਾਂ ਉਖੇੜ ਕੇ ਰਖ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਸ੍ਵੈ-ਰਖਿਆ ਲਈ ਅਤੇ ਜ਼ਾਲਮ ਦੀ ਭਖਿਆ ਲਈ ਸ੍ਰੀ ਸਾਹਿਬ ਦੀ ਬਖ਼ਸ਼ਸ਼ ਕੀਤੀ। ਖਾਲਸੇ ਨੂੰ ਕਿਰਪਾਨ ਗਾਤਰੇ ਵਿਚ ਹਰ ਸਮੇਂ ਅੰਗ ਸੰਗ ਰਖਣ ਦਾ ਹੁਕਮ ਦਿਤਾ। ਗਾਤਰੇ-ਕਿਰਪਾਨ ਤੋਂ ਬਿਨਾਂ ਖਾਲਸਾ 'ਸਿਖ' ਹੀ ਨਹੀਂ ਸਦਾ ਸਕਦਾ। ਗਾਤਰੇ-ਕਿਰਪਾਨ ਖਾਲਸੇ ਦੇ ਪੰਜ ਕਕਾਰਾਂ ਵਿਚ ਸ਼ਾਮਲ ਕਰ ਦਿਤੀ ਗਈ। ਕਿਰਪਾਨ ਨਾਲ ਹੀ ਖਾਲਸਾ ਸਦਾ ਤਿਆਰ-ਬਰ-ਤਿਆਰ ਰਹਿ ਸਕਦਾ ਹੈ। ਇਸ ਕਿਰਪਾਨ ਦੀ ਸ਼ਕਤੀ ਸਦਕਾ ਹੀ ਖਾਲਸੇ ਦੀਆਂ ਧੁੰਮਾਂ ਕਾਬਲ ਕੰਧਾਰ ਦੀਆਂ ਕੰਧਾਂ ਤਕ ਪੈਂਦੀਆਂ ਰਹੀਆਂ।

ਜਿਥੇ ਸਿੰਘ ਪੰਜ-ਕਕਾਰੀ ਰਹਿਤ ਧਾਰਨ ਕਰਨ ਵਿਚ ਪਰਪੱਕ ਸਨ ਉਥੇ ਸਿੰਘਣੀਆਂ ਵੀ ਅੰਮ੍ਰਿਤ-ਦਾਤੇ ਸਤਿਗੁਰੂ ਦੀ ਬਖ਼ਸ਼ੀ ਰਹਿਤ ਵਿਚ ਤਤਪਰ ਰਹਿੰਦੀਆਂ ਸਨ ਅਤੇ ਪੰਜੇ ਕਕਾਰ ਧਾਰਨ ਕਰ ਕੇ ਪੂਰਨ ਰੂਪ ਵਿਚ ਵਿਚਰਦੀਆਂ ਸਨ। ਸਿੰਘਣੀਆਂ ਭਿਆਨਕ ਸਮਿਆਂ ਵਿਚ ਜਿਥੇ ਜੰਗਲਾਂ ਬੇਲਿਆਂ ਵਿਚ ਖਾਲਸੇ ਦੀ ਸੇਵਾ ਨਿਭਾਂਦੀਆਂ ਰਹੀਆਂ, ਉਥੇ ਖਾਲਸੇ ਦੇ ਸ਼ਾਨਾ ਬਸ਼ਾਨਾ ਸ੍ਰੀ ਸਾਹਿਬ ਫੜ ਕੇ ਜ਼ਾਲਮਾਂ ਨਾਲ ਟਾਕਰਾ ਕਰਦੀਆਂ ਜੂਝਦੀਆਂ ਰਹੀਆਂ। ਉਹ ਸਿੰਘਣੀਆਂ ਸ਼ੇਰਨੀਆਂ ਸਮਾਨ ਗਰਜਦੀਆਂ ਅਤੇ ਪਤੀ-ਬ੍ਰਤ-ਧਰਮ ਤੇ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਂਦੀਆਂ ਰਹੀਆਂ।

ਅਜ ਖਾਲਸਾ ਸੁਖ-ਰਹਿਣਾ ਹੋ ਰਿਹਾ ਹੈ। ਮਾਇਕ ਪ੍ਰਭਾਵ ਤੇ ਸੁਖ ਦੇ ਸਾਧਨਾਂ ਵਿਚ ਪਲਚ ਕੇ ਸਿਖੀ ਸਰੂਪ ਨੂੰ ਵੀ ਲੁਕਾਈ ਫਿਰਦਾ ਹੈ। ਖਾਲਸਾ ਖੁਲ੍ਹੇ ਪ੍ਰਕਾਸ਼-ਦਾੜ੍ਹਿਆਂ ਨਾਲ ਗਾਤਰੇ ਕਿਰਪਾਨ੍ਹ ਧਾਰ ਕੇ ਸਦਾ ਵਿਚਰਦਾ ਸੀ, ਪਰ ਅੱਜ ਖੁਲ੍ਹੇ ਦਾੜ੍ਹੇ ਟਾਵੇਂ ਟਾਵੇਂ ਨਜ਼ਰ ਆਉਂਦੇ ਹਨ, ਗਾਤਰੇ ਕਿਰਪਾਨ ਤਾਂ ਵਿਰਲੀ ਵਾਂਞੀ ਹੀ ਰਹਿ ਗਈ ਜਾਪਦੀ ਹੈ। ਜੇ ਕਿਸੇ ਕਿਰਪਾਨ ਪਾਈ ਵੀ ਹੁੰਦੀ ਹੈ, ਤਾਂ ਉਹ ਕਿਤੇ ਹੇਠਲੀ ਤਹਿ ਵਿਚ ਲੁਕਾਈ ਹੋਈ



www.AKJ.Org

ਹੁੰਦੀ ਹੈ, ਅਤੇ ਉਹ ਵੀ ਚਾਰ ਪੰਜ ਉਂਗਲਾਂ ਤੋਂ ਵਧ ਨਹੀਂ। ਸਿੰਘਾਂ ਨੇ ਦੁਸ਼ਟਾਂ ਦੋਖੀਆਂ ਤੋਂ ਦੀਨਾਂ ਦੀ ਰਖਿਆ ਕੀ ਕਰਨੀ ਹੈ, ਉਹ ਤਾਂ ਆੜੇ ਵਕਤ ਵਿਚ ਜਾਂ ਕਿਸੇ ਦੁਸ਼ਟ ਦੋਖੀ ਦੇ ਵਾਰ ਕਰਨ ਤੇ ਆਪਣੇ ਆਪ ਦੀ ਵੀ ਹਿਫ਼ਾਜ਼ਤ ਕਰਨ ਜੋਗੇ ਨਹੀਂ ਰਹੇ। ਸਿਖ ਯੁਵਤੀਆਂ ਪਹਿਰਣ ਖਾਣ ਤੇ ਸਰੀਰ ਨੂੰ ਸੰਵਾਰਨ ਸ਼ਿੰਗਾਰਨ ਤੋਂ ਬਿਨਾਂ ਕਾਸੇ ਜੋਗੀਆਂ ਵੀ ਨਹੀਂ ਰਹੀਆਂ, ਉਹ ਬਿਲੀਆਂ ਚੂਹੀਆਂ ਤੋਂ ਵੀ ਡਰਦੀਆਂ ਤ੍ਰਹਿੰਦੀਆਂ ਫਿਰਦੀਆਂ ਹਨ। ਅਜਿਹੀ ਨਿਘਰੀ ਹਾਲਤ ਵਿਚ ਉਨ੍ਹਾਂ ਤੋਂ ਕਿਵੇਂ ਆਸ ਰਖੀ ਜਾ ਸਕਦੀ ਹੈ ਕਿ ਆਪਣੀ ਪਤਿ-ਆਬਰੂ ਨੂੰ ਬਚਾਣ ਲਈ ਸ੍ਵੈ-ਰਖਿਆ ਕਰ ਸਕਣਗੀਆਂ ਅਤੇ ਦੁਸ਼ਟਾਂ ਦੋਖੀਆਂ ਨਾਲ ਜੂਝਦੀਆਂ ਹੋਈਆਂ ਆਪਣੀ ਜਾਨ ਤਕ ਤੇ ਖੇਡ ਜਾਣਗੀਆਂ ?

ਅੱਜ ਹੋਲਾ ਮਹੱਲਾ ਦਸਮੇਸ਼ ਜੀ ਦਾ ਸੰਦੇਸ਼ ਦੇ ਰਿਹਾ ਹੈ ਕਿ ਐ ਖਾਲਸਾ ! ਤਿਆਰ-ਬਰ-ਤਿਆਰ ਹੋ, ਸ਼ਸਤਰ ਧਾਰਨ ਕਰ, ਕਿਰਪਾਨ ਨੂੰ ਕਦੇ ਤਨ ਤੋਂ ਵਖ ਨਾ ਕਰ। ਕਿਰਪਾਨ ਕਲਗੀਧਰ ਦੀ ਬਖ਼ਸ਼ੀ ਰਹਿਤ ਦਾ ਮੁਖ ਅੰਗ ਹੈ। ਇਸ ਨੂੰ ਅੰਗ ਸੰਗ ਰਖ। ਕਿਰਪਾਨ ਹੀ 'ਸ੍ਵੈ-ਰਖਿਆ' ਅਤੇ 'ਮਲੇਛ ਭਖਿਆ' ਦਾ ਮੁਖ ਸਾਧਨ ਹੈ। ਕਲਗੀਧਰ ਜੀ ਦਾ ਜ਼ਫਰਨਾਮੇ ਵਿਚ ਫ਼ੁਰਮਾਨ ਹੈ–

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥੨੨॥

ਭਾਵ, ਜਦੋਂ ਸਾਰੇ ਹੀਲੇ ਤੇ ਉਪਾਵ ਖ਼ਤਮ ਹੋ ਜਾਣ, ਓਦੋਂ ਕਿਰਪਾਨ ਹੱਥ ਵਿਚ ਫੜਨੀ ਜਾਇਜ਼ ਹੈ।

## ਯਾਰੜੇ ਦਾ ਹੋਲੜਾ

[ਗਿਆਨੀ ਗੋਪਾਲ ਸਿੰਘ ਜੀ ਮਿੱਤਰ]

ਗੁਰਸਿਖਾ ਤਿਆਰ ਹੋ ਕੇ ਕਰ ਲੈ ਕਮਰਕਸੇ
ਪਾਇ ਕੇ ਵਹੀਰ ਅਗੇ ਕਦਮ ਵਧਾਈਏ ਚਲ।੧।
ਲਗੇ ਜਿਥੇ ਜਿਥੇ ਪਾਵਨ ਚਰਨ ਕਲਗੀ ਵਾਲੜੇ ਦੇ
ਚੁੰਮ ਚੁੰਮ ਖ਼ਾਕ ਮੱਥੇ ਉਤੇ ਲਾਂਦੇ ਜਾਈਏ ਚਲ।੨।
ਹੋ ਰਿਹੈ ਇਕੱਠ ਸੋਹਣੀ ਪਿਆਰ ਭਰੀ ਧਰਤ ਉਤੇ
ਦੀਦਾਰ ਪੰਥ ਖਾਲਸੇ ਦਾ ਸੋਹਣਾ ਰਜ ਪਾਈਏ ਚਲ।੩।
ਰਿਦੇ ਲੈ ਉਮਾਹ ਉਤਸ਼ਾਹ, ਸੰਗਤਾਂ ਆਉਣਾ ਏ
ਹੋ ਸਕੇ ਤੇ ਕਾਰ-ਸੇਵਾ ਹਥੀਂ ਕੁਝ ਕਮਾਈਏ ਚਲ।੪।
ਅੰਮ੍ਰਿਤ ਦੀ ਦਾਤਿ ਦੇ ਕੇ ਨੀਚਹੁੰ ਊਚ ਕਰਨ ਵਾਲੇ
ਸੋਢੀ ਸੁਲਤਾਨ ਦਾ ਅਸਥਾਨ ਪਰਸ ਆਈਏ ਚਲ।੫।
ਦਿਸੇਗਾ ਓਹ ਆਪ ਸੋਹਣਾ ਪੰਥ ਰੂਪ ਵਿਚ 'ਮਿਤਰ'
ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ।੬।



www.AKJ.Org

# ਰੰਗੁ ਮਾਣ ਲੈਣਾ ਜੰਗ ਹੋਲਿਆਂ ਦਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਚੜ੍ਹੇ ਦੂਲੜੇ ਵਿਆਹੁਣ ਸ਼ਹੀਦੀਆਂ ਨੂੰ, ਰੰਗੁ ਮਾਣ ਲੈਣਾ ਜੰਗ ਹੋਲਿਆਂ ਦਾ।
ਹੋਲਾ ਖੇਡਣਾ ਜੰਗ ਗੁਲਾਲ ਵਾਲਾ, ਚੜ੍ਹਿਆ ਰੰਗੁ ਜਲਾਲ ਜਲੋਲਿਆਂ ਦਾ।
ਜਲਵੇ ਇਸ਼ਕ ਕਮਾਲ ਦੇ ਦੱਗ ਉੱਠੇ, ਝੱਲੇ ਕੌਣ ਜਮਾਲ ਜਮੋਲਿਆਂ ਦਾ।
ਜਾਮੇ ਲਾਲ ਰੰਗੀਚ ਕੇ ਗੱਚ ਹੋਏ, ਹੁਸਨ ਹੁੰਮਿ ਚੜ੍ਹਿਆ ਗਹਿਗਚੋਲਿਆਂ ਦਾ।੧੪੮।

ਗੂੜ੍ਹਾ ਗਹਿਗਚਾ ਰੰਗੁ ਚਲੂਲ ਚੜ੍ਹਿਆ, ਜੋਤਿ ਜੋਬਨੀ ਰੂਪ ਯੁਵਨੋਲਿਆਂ ਦਾ।
ਨੂਰ ਨੁੱਚੜੇ ਸੁੱਚੜੇ ਸੂਰਨ ਰੂਪੋਂ, ਹੋਇਆ ਰੰਗੁ ਸੱਚਾ ਜ਼ਮੁਰਦੀ ਚੋਲਿਆਂ ਦਾ।
ਸੋਹੇ ਚੋਲੜਾ ਲਾਲ ਤਨਿ ਲਾੜਿਆਂ ਦੇ, ਮਾਨ ਮਲਿਆ ਕਾਨ੍ਹ ਕ੍ਰਿਸ਼ਨੋਲਿਆਂ ਦਾ।
ਏਨ੍ਹਾਂ ਲਾਲੀਆਂ ਜੋਤਿ ਜਲਾਲੀਆਂ ਦੀ, ਝੱਲੇ ਝਾਲ ਕੋ ਮਰਦ ਮਰਦੋਲਿਆਂ ਦਾ।੧੪੯।

ਲਸ਼ਕੇ ਬਿਜਲ ਕਟਾਰੜੇ ਦੂਲਿਆਂ ਦੇ, ਹੋਇਆ ਮੂਰਛਤ ਦਲੁ ਦੂਲਹਨੋਲਿਆਂ ਦਾ।
ਲਸ਼ਕਰ ਦੂਲਿਆਂ ਦੇ ਉਮਡਾਇ ਉੱਠੇ, ਮੱਚ ਗਿਆ ਤਰਥੱਲ ਤਰਥੋਲਿਆਂ ਦਾ।
ਉੜਦੂ ਉਠਿਆ ਕੰਬ ਗਈ ਧਰਤਿ ਸਾਰੀ, ਆਸਣ ਹਿਲ ਗਇਆ ਇੰਦਰੋਲਿਆਂ ਦਾ।
ਸੁਰਗੁ ਖੁਸਣੇ ਦਾ ਹੋਲ ਇੰਦਰੇ ਨੂੰ, ਦੂਲਿਹਾਂ ਤੁੱਛ ਬਾਂਛੋਲ ਸੁਰਗੋਲਿਆਂ ਦਾ।੧੫੦।

ਬਾਂਛਾ ਸੁਰਗ ਦੀ ਮੂਲ ਨ ਦੂਲਿਆਂ ਨੂੰ, ਬਿਰਥਾ ਦਹਿਲਣਾ ਸੁਰਗ-ਮੁਠੋਲਿਆਂ ਦਾ।
ਭਾਅ ਦੀ ਬਣ ਗਈ ਸੁਰਗ ਦੇ ਮੁਠਿਆਂ ਨੂੰ, ਸੁਆਰਥ ਬੁਰਾ ਚਸਕ ਸਿਰੜੋਲਿਆਂ ਦਾ।
ਹੱਡੀ ਚਸਕੜਾ ਸੁਰਗ ਦੇ ਸਿਰੜੀਆਂ ਨੂੰ, ਹਵਸ ਹਿੰਸ ਬੁਰਾ ਹਿਣਸੜੋਲਿਆਂ ਦਾ।
ਦੂਲਿਹਾਂ ਠਰਕੁ ਨਾ ਸੁਰਗ ਬਹਿਸ਼ਤ ਸੰਦਾ, ਸੱਚਾ ਪ੍ਰਿੰਮ ਸੁਆਉ ਪ੍ਰਿੰਮੋਲਿਆਂ ਦਾ।੧੫੧।

ਪਿੜ ਪ੍ਰਿੰਮ ਦੀ ਸਿਰ-ਧੜੀ ਖੇਲ ਵਾਲਾ, ਇੱਕੋ ਚਾਉ ਸੱਚਾ ਦੂਲੜੋਲਿਆਂ ਦਾ।
ਬਾਂਛਾ ਦੂਲੀਆਂ ਪ੍ਰੇਮ ਸ਼ਹੀਦੀਆਂ ਦੀ, ਇਹ ਦੂਲਰਾਉ ਦੂਲੇ ਸ਼ਹੀਦੋਲਿਆਂ ਦਾ।
ਵਰ ਲਿਆਵਣਾ ਦੂਲੀਆਂ ਦੁਲਹਣਾਂ ਨੂੰ, ਹੁਇ ਹਬੀਬ ਮਹਿਬੂਬ ਹੁੱਬੋਲਿਆਂ ਦਾ।
ਹੁੱਬਾਂ ਉੱਠ ਰਹੀਆਂ ਹਾਲ ਖੇਡਣੇ ਨੂੰ, ਲੱਭਾ ਖੇਤ ਆਸ਼ਕ ਮਾਸ਼ੂਕੋਲਿਆਂ ਦਾ।੧੫੨।

[''ਜੋਤਿ ਵਿਗਾਸ'' ਮਹਾਂ ਕਾਵਿ ਵਿਚੋਂ

# ਸੂਰੇ ਸੇਈ ਆਗੈ ਆਖੀਅਹਿ

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ, ਆਗੈ ਦੂਖੁ ਨ ਲਾਗੈ ॥
ਕਰਿ ਏਕ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ, ਆਪੇ ਜਾਣੈ ਜਾਣੋ ॥
ਮਰਣੁ ਮੁਣਸਾਂ ਸੂਰਿਆ ਹਕੁ ਹੈ, ਜੋ ਹੋਇ ਮਰਹਿ ਪਰਵਾਣੋ ॥੩॥

[ਵਡਹੰਸੁ ਮ: ੧, ਪੰਨਾ ੫੭੯-੮੦



www.AKJ.Org

## ਜਪੁਜੀ ਸਾਹਿਬ ਦੀਆਂ

# 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦੀ ਵਯਾਖਯਾ

[ ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਜਪੁਜੀ ਸਾਹਿਬ ਦੀਆਂ 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦੀ ਵਯਾਖਯਾ ਹੇਠਾਂ ਕੀਤੀ ਜਾਂਦੀ ਹੈ।

## 'ਸੁਣਿਐ' ਦੀ ਪਉੜੀਆਂ ਦੀ ਵਯਾਖਯਾ

**ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥**
**ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥**
**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥**

ਵਯਾਖਯਾ–ਨਾਮ ਗੁਰਮੰਤ੍ਰ ਰੂਪੀ ਗੁਰਦੀਖਿਆ ਦੇ ਸੁਣਨ ਕਰਕੇ, ਅਤੇ ਸ਼ਬਦ ਸੁਰਤ ਦੀ ਕਮਾਈ ਦੁਆਰਾ ਨਾਮ ਨੂੰ ਸਦਾ ਸੁਣਦੇ ਰਹਿਣ ਕਰਕੇ, ਨਾਮ ਸਰੋਤੇ ਸੁਰਤੇ ਦੇ ਪਿਛੇ ਰਿਧੀਆਂ ਸੁਤੇ ਸਹਿਜ ਹੀ ਲਗੀਆਂ ਫਿਰਦੀਆਂ ਹਨ। ਜੈਸਾ ਕਿ :

"ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ"

ਵਾਲੀ ਸਾਰੰਗ ਦੀ ਵਾਰ ਵਾਲੀ ਸਤਵੀਂ ਪਉੜੀ ਦੇ ਭਾਵ ਤੋਂ ਸਿਧ ਹੈ। ਅਤੇ ਪੀਰਾਂ ਦੀਆਂ ਪੀਰੀਆਂ ਭੀ ਨਾਮ ਸਰੋਤੇ ਸੁਰਤੇ ਦੇ ਚੁਪ ਚੁਪਾਤੇ ਹੀ ਪੈਰ ਚੁੰਮਦੀਆਂ ਹਨ, ਦੇਵਤਿਆਂ ਨਾਥਾਂ ਵਾਲੇ ਸ਼ੁਭ ਗੁਣ ਭੀ ਸੁਤੇ ਸਿਧ ਹੀ ਨਾਮ ਸਰੋਤੇ ਸੁਰਤੇ ਨੂੰ ਆਣ ਪ੍ਰਾਪਤ ਹੁੰਦੇ ਹਨ, ਤਾਂ ਤੇ ਕੇਵਲ ਨਾਮ-ਸਰੋਤੇ, ਸੁਰਤੇ ਹੀ ਤਤ ਵਾਸਤਵੀ ਸਚੇ ਪੀਰ, ਸੁਰ, ਨਾਥ ਹਨ, ਨਾਮ-ਸਰੋਤੇ ਸੁਰਤੇ, ਅਭਿਆਸੀ ਜਨਾਂ ਤੋਂ ਬਿਨਾਂ ਹੋਰ ਸਭ ਕੂੜਾਵੇ ਸਿਧ, ਪੀਰ, ਸੁਰ, ਨਾਥ ਹਨ।

ਨਾਮ ਗੁਰਮੰਤ੍ਰ ਗੁਰਦੀਖਿਆ ਦੇ ਸੁਣਨ ਕਰਕੇ ਨਾਮ-ਸਰੋਤਿਆਂ, ਸੁਰਤਿਆਂ ਨੂੰ ਅਣਗਿਣਤ ਧਰਤੀਆਂ ਤੇ ਧਰਤੀਆਂ ਦੀਆਂ ਉਦਕਰਖਣੀ, ਥੰਮਣ ਸ਼ਕਤੀਆਂ ਅਤੇ ਅਣਗਿਣਤ ਆਕਾਸ ਅਤੇ ਬੇਅੰਤ ਦੀਪਾਂ, ਲੋਆਂ, ਪਾਤਾਲਾਂ ਦਾ ਬੇਓੜਕਾ ਦਿਬ-ਦ੍ਰਿਸ਼ਟੀ ਉਘਾੜ ਵਿਗਾਸ ਹੋ ਜਾਂਦਾ ਹੈ।

ਨਾਮ ਦੇ ਸੁਨਣ ਕਰਕੇ ਨਾਮ ਸੁਰਤੇ ਸਰੋਤਿਆਂ ਨੂੰ ਕਾਲ ਨਹੀਂ ਪੋਹ ਸਕਦਾ, ਅਕਾਲ ਪੁਰਖ ਦੇ ਪਾਰਸ ਰਸਾਇਣੀ ਅਕਲ ਕਲਾ ਸਪੰਨ ਕਾਲ ਰਹਿਤ ਅਕਾਲ-ਨਾਮ ਸੁਰਤੇ ਅਭਿਆਸ-ਸਰੋਤਿਆਂ ਦੇ ਨੇੜੇ ਕਾਲੁ, ਕਾਲ ਰੂਪ ਹੋ ਕੇ ਨਹੀਂ ਆਉਂਦਾ। ਨਾਮ ਸੁਰਤਿਆਂ ਨੂੰ ਮਰਨ ਕਾਲ ਦਾ ਤ੍ਰਾਸ ਹੀ ਨਹੀਂ ਉਪਜਦਾ, ਨਾ ਹੀ ਕਾਲ ਦੁਖਦਾਈ ਭਾਸਦਾ ਹੈ। ਮਰਨ ਕਾਲ ਦਾ ਦੂਖ ਦਰਦ ਪੋਹੰਦਾ ਹੀ ਨਹੀਂ, ਜੈਸਾ ਕਿ ਚੁਰਾਸੀ ਦੇ ਜੀਵਾਂ ਨੂੰ ਪੋਹੰਦਾ ਹੈ। ਚੁਰਾਸੀ ਦੇ ਜੀਵਾਂ ਨੂੰ ਤਾਂ ਏਹ ਮਰਨ ਕਾਲ ਦਾ ਤ੍ਰਾਸ ਅਤ ਭਿਆਨਕ ਰੂਪ ਭਾਸਦਾ ਹੈ। ਨਾਮ ਸੁਰਤੇ ਸਰੋਤੇ ਅਭਿਆਸੀ ਜਨ ਬਹੁੜਿ ਚੁਰਾਸੀ ਦੇ ਗੇੜ ਪੈਂਦੇ ਹੀ ਨਹੀਂ :

"ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੇ ਦਰਸਿ ਸਮਾਇਆ ॥੧੩॥ (ਪੰਨਾ ੨੫੨) ਵਾਲੀ ਅਮਰ ਅਕਾਲ ਅਵਸਥਾ ਨੂੰ ਜਾ ਪ੍ਰਾਪਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਦੁਆਰਾ ਆਈ ਏਹ ਧੁਰ ਕੀ ਅਕਾਲੀ ਬਾਣੀ ਆਖਦੀ ਹੈ ਕਿ ਨਾਮ ਦੀ ਸ਼ਕਤੀ ਵਾਲੀ ਭਗਤਿ ਕਮਾਈ ਵਾਲੇ ਭਗਤਾਂ ਨੂੰ ਸਦਾ ਹੀ ਇਨਕਸ਼ਾਫ਼ੀ ਵਿਗਾਸ ਰਹਿੰਦਾ ਹੈ ਅਤੇ ਇਸ ਆਤਮ ਉਘਾੜ ਵਾਲੀ ਸਦ-ਜੋਤਿ-ਵਿਗਾਸੀ ਸੁਰਤਿ ਅਸਥਿਰਤਾ ਦੇ ਪ੍ਰਭਾਵ ਕਰਕੇ ਨਾਮ ਸੁਰਤਿ ਵਿਗਾਸੀ ਜੋਤਿ ਪ੍ਰਕਾਸ਼ੀ ਅਭਿਆਸੀ ਜਨਾਂ ਦੇ ਸਾਰੇ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥**
**ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥**
**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥**



www.AKJ.Org

ਵਯਾਖਯਾ—ਨਾਮ ਗੁਰਮੰਤ੍ਰ ਗੁਰਦੀਖਿਆ ਦੇ ਸੁਣਨ ਅਤੇ ਸੁਣ ਕੇ ਸਿਮਰਨ, ਸ੍ਰਵਣਨ, ਲਿਵ ਉਨਮਨਣ ਕਰਕੇ ਸ਼ਬਦ-ਸੁਰਤਿਆਂ ਨੂੰ ਮਾਣਸੋਂ ਦੇਵਤੇ ਹੋਣ ਦੀ ਦੇਵਾਨ-ਦੇਵ ਸਰਬੋਤਮੀ ਪਦਵੀ ਪ੍ਰਾਪਤ ਹੁੰਦੀ ਹੈ। ਤੱਤ ਵਾਸਤਵੀ ਸੁਰੇਸ਼ਰੀ ਸਤਿ ਮਹੱਤਤਾ ਵਾਲੇ ਈਸ਼ਰ, ਬਰਮਾ,ਇੰਦ, ਨਾਮ-ਸੁਰਤੇ ਅਭਿਆਸੀ ਗੁਰਸਿਖ ਜਨ ਹੀ ਹੋ ਸਕਦੇ ਹਨ। ਹਿੰਦਵੈਣ ਦੇ ਮੰਨੇ ਪ੍ਰਮੰਨੇ ਦੇਵਤੇ ਈਸ਼ਰ, ਬ੍ਰਹਮਾ, ਇੰਦ੍ਰ ਏਸ ਸਰਬ ਸਰੇਸ਼ਟ ਸਰਬੋਤਮ ਦੇਵ ਪਦ ਦੇ ਲਵੇ ਨਹੀਂ ਲਗ ਸਕਦੇ। ਐਸੀ ਹੈ ਨਾਮ ਸ੍ਰਵਣਨ ਗੁਰਦੀਖਿਆ ਦੀ ਸ਼ਬਦ ਸੁਰਤਿ ਅਭਿਆਸ ਕਮਾਈ ਦੀ ਬਰਕਤ। ਨਾਮ ਗੁਰਦੀਖਿਆ ਦੀ ਪਾਰਸ-ਰਸਾਇਣੀ-ਸ੍ਰਵਨ-ਕਲਾ ਕਰਕੇ ਹੀ ਮੁਖਾਰਬਿੰਦ ਦੁਆਰਾ ਸੁੰਦਰ ਸੁਹਾਵਣਾ ਤੱਤ ਗੁਰਮਤੀ ਅੱਤ ਸਰੇਸ਼ਟ ਸਿਮਰਨ ਸਾਲਾਹਣ ਹੁੰਦਾ ਹੈ ਅਤੇ ਸਹਜ ਸੁਭਾਵ ਹੀ ਹੋਇ ਆਵੰਦਾ ਹੈ, ਏਹ "ਸੁਣਿਐ ਮੁਖਿ ਸਾਲਾਹਣ ਮੰਦੁ" ਪੰਗਤੀ ਦੀ ਤੱਤ ਵਖਿਆਨਣੀ ਵਾਸਤਵ ਵਿਆਖਿਆ ਹੈ, ਪੂਰਨ ਗੁਰਮਤਿ ਰੀਤੀ ਅਨੁਸਾਰ ਪੰਜਾਂ ਪਿਆਰਿਆਂ ਦੁਆਰਾ ਪਹਿਲਾਂ ਗੁਰਮੰਤ੍ਰ ਗੁਰਦੀਖਿਆ ਰੂਪੀ ਗੁਰਮਤਿ ਨਾਮ ਅਧਿਕਾਰੀ ਜਨ ਦੇ ਸਰਵਣਾਂ ਅੰਦਰ ਹੀ ਪਰਵੇਸ਼ ਹੁੰਦਾ ਹੈ। ਇਸ ਅੰਮ੍ਰਿਤ ਨਾਮ ਦੇ ਇਸ ਬਿਧ ਸਰਵਣੀਂ ਪਰਵੇਸ਼ ਹੋਣ ਦੀ ਪਾਰਸ ਰਸਾਇਣੀ ਚੁੰਬਕ ਕਲਾ ਤਤਕਾਲ ਹੀ ਏਹ ਵਰਤ ਜਾਂਦੀ ਹੈ ਕਿ ਸ੍ਰਵਣ, ਨਿਧਿਆਸਣੀ ਗੁਰਦੀਖਿਆ ਪਾਤਰ ਅਧਿਕਾਰੀ ਜਨ ਦੇ ਮੁਖ, ਰਸਨਾ ਤੋਂ ਨਾਮ ਅਭਿਆਸ ਮਈ ਸਿਮਰਨ ਸਾਲਾਹੁਣ ਦੀ ਤਤ-ਵਿਲੱਖਣੀ-ਕ੍ਰਿਸ਼ਮ-ਰਟਨਾਰ ਦਾ ਤੁਰਤ ਫੁਰਤੀ ਤੋਰਾ ਤੁਰ ਪੈਂਦਾ ਹੈ ਅਤੇ ਐਸਾ ਤੁਰਦਾ ਹੈ ਮਾਨੋ ਕੋਈ ਅਗ਼ੈਬੀ ਕੁੰਜੀ ਲਗ ਗਈ ਹੁੰਦੀ ਹੈ। ਏਹ ਅਤੀ ਸ੍ਰੇਸ਼ਟ ਕ੍ਰਿਸ਼ਮ ਸਿਫਤਿ ਸਾਲਾਹੁਣ ਮੁਖ ਦੁਆਰਾ ਪਿਛੋਂ ਰਟਨ ਹੁੰਦੀ ਹੈ, ਜਦ ਪਹਿਲੇ ਸਰਵਣਾਂ ਦੁਆਰਾ ਨਾਮ ਗੁਰਮੰਤ੍ਰ ਗੁਰਦੀਖਿਆ ਦੀ ਕ੍ਰਿਸ਼ਮ ਕਲਾ ਪਰਵੇਸ਼ ਹੋ ਚੁਕੀ ਹੁੰਦੀ ਹੈ। ਪੂਰਨ ਗੁਰਮਤਿ ਬਿਧੀ ਮਰਯਾਦਾ ਅਨੁਸਾਰ ਗੁਰਮੰਤ੍ਰ ਦੀਖਸ਼ਤ ਹੋਏ ਅੰਮ੍ਰਿਤਧਾਰੀ ਗੁਰਮੁਖ ਨਾਮ-ਵਪਾਰੀ-ਜਨ ਫੇਰ ਸਦਾ ਲਈ ਖਿਨ ਖਿਨ ਸੁਆਸਿ ਸੁਆਸਿ ਅਭਿਆਸ ਦੁਆਰਾ ਮਿਸ਼ਟ-ਅੰਮ੍ਰਿਤ-ਪਾਨੀ ਹੋਇ ਹੋਇ ਤ੍ਰਿਪਤਾਵੰਦੇ ਹਨ ਅਤੇ ਮਿਸ਼ਟ ਅੰਮ੍ਰਿਤ ਗਟਾਕ ਪੀ ਪੀ ਕੇ ਮੰਦੁ ਮੰਦੁ ਮੁਸਕਰਾਉਂਦੇ ਅਤੇ ਰਿਦ ਵਿਗਸਾਉਂਦੇ ਹਨ, ਐਸੀ ਸਿਫਤਿ ਸਾਲਾਹਣੀ ਸਾਲਾਹੁੰਦੇ ਹਨ ਕਿ ਨਾਲੋ ਨਾਲ ਰਸ ਜੋਤਿ ਵਿਗਾਸੀ ਹੋਇ ਹੋਇ ਉਮਗਾਉਂਦੇ ਰਹਿਸਾਉਂਦੇ ਹਨ। ਜੈਸਾ ਕਿ, "ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥" (੩੮੦) ਗੁਰਪ੍ਰਮਾਣ ਦਾ ਭਾਵ ਹੈ।

ਨਾਮ ਦੇ ਸੁਣਨ ਕਰਕੇ ਹੀ ਨਾਮ-ਗੁਰ-ਸ਼ਬਦ-ਸੁਰਤੇ ਸਰੋਤੇ ਗੁਰਮੁਖ ਜਨਾਂ ਨੂੰ ਸਚੀ ਗੁਰਮਤਿ ਜੋਗ ਜੁਗਤਿ ਦਾ (ਰਾਜ਼, ਗਿਆਨ) ਭੇਦ ਰਿਦੰਤਰੋਂ ਤਨੰਤਰੋਂ ਹੀ ਉਗਵਿ ਆਉਂਦਾ ਹੈ। ਗੁਰਮਤਿ ਨਾਮ ਗੁਰਦੀਖਿਆ ਸੁਣਨਹਾਰੇ ਪਾਤਰ ਸ੍ਰੇਸ਼ਟ ਗੁਰਮੁਖ ਜਨ ਹੀ ਤੱਤ ਗੁਰਮਤਿ ਗੁਰਦੀਖਿਆ ਨੂੰ ਸੁਣ ਕੇ ਸਤਿ ਸ਼ਾਸਤ੍ਰ ਸਿਮ੍ਰਿਤ ਵੇਦ ਦੇ ਤੱਤਵੇਤੇ ਹੋ ਜਾਂਦੇ ਹਨ। ਗੁਰਮੰਤ੍ਰ ਦੀਖਸ਼ਤ ਗੁਰਮੁਖਾਂ ਨੂੰ ਗੁਰਮਤਿ ਨਾਮ ਦਾ ਸਿਮਰਨ, ਸ੍ਰਵਣ ਅਤੇ ਸਾਲਾਹਣ ਹੀ ਸ਼ਾਸਤ੍ਰ ਸਿਮ੍ਰਿਤ ਵੇਦ ਹੈ, ਉਹਨਾਂ ਨੂੰ ਸ਼ਾਸਤ੍ਰਾਂ ਸਿਮ੍ਰਤੀਆਂ ਅਤੇ ਵੇਦਾਂ ਦੇ ਪੜ੍ਹਨ ਸੁਣਨ ਦੀ ਲੋੜ ਨਹੀਂ। ਨਾਮ ਸਾਲਾਹਣ, ਸਿਫਤਾਉਣ ਅਤੇ ਸੁਰਤ-ਸ਼ਬਦਾਉਣ ਦੀ ਐਸੀ ਅਜਬ ਮੁਅਜਜ਼ਾਵੀ ਕਲਾ ਹੈ ਕਿ ਸਾਧਾਰਨ ਗੁਰਮੁਖ ਜਗਿਆਸੂ ਅਭਿਆਸੀ ਜਨਾਂ ਨੂੰ ਸ਼ਾਸਤ੍ਰਾਂ ਸਿਮ੍ਰਿਤੀ ਵੇਦਾਂ ਦੀ ਗੂੜ੍ਹ ਗੰਮਤਾ ਪ੍ਰਾਪਤ ਹੋ ਜਾਂਦੀ ਹੈ। ਐਸਾ ਹੈ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਗੁਰਮੁਖ ਨਾਮ ਅਭਿਆਸੀ, ਨਾਮ ਸੁਰਤਾਸੀ ਭਗਤ ਜਨਾਂ ਦਾ ਸਦ-ਰਿਦ-ਵਿਗਾਸੀ ਪਰਤਾਪ, ਕਿ ਨਾਮ ਦੀ ਸ੍ਰੋਤ ਸੁਰਤਿ ਅਭਿਆਸਨੀ ਚੁੰਬਕ ਕਲਾ ਕਰਕੇ ਹੀ ਅਗਿਆਨ-ਅਛਾਦਨੀ-ਦੁਖਾਂ ਪਾਪਾਂ ਦੇ ਤਿਮਰ ਅੰਧਕਾਰੀ ਛਉੜ ਕਟੇ ਜਾਂਦੇ ਹਨ ਅਤੇ ਏਹਨਾਂ ਛਉੜਾਂ ਦੇ ਕਟੇ ਜਾਣ ਕਰਕੇ ਸਗਲੇ ਦੁਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥**
**ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥**
**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥**

ਵਯਾਖਯਾ—ਨਾਮ ਦੇ ਸੁਣਨ ਕਰਕੇ ਸੁਰਤ-ਸਰੋਤੇ ਨੂੰ ਅਤੇ ਕੇਵਲ ਨਾਮ ਸਰੋਦ-ਸਰੋਤੇ ਨੂੰ ਹੀ ਸੱਚੇ ਸਤ



www.AKJ.Org

ਸੰਤੋਖ ਅਤੇ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਗਿਆਨ ਅਤੇ ਗੁਰਮਤਿ ਨਾਮ ਅਭਿਆਸ ਸੁਰਤੀਸ਼ਰਾਂ ਨੂੰ ਪ੍ਰਾਪਤ ਹੋਏ ਸਚੇ ਸਤ ਸੰਤੋਖ ਬਾਝੋਂ ਹੋਰ ਸਭ ਕਹੌਤੀ (so called) ਸਤ ਸੰਤੋਖ ਗਿਆਨ ਸਭ ਕੂੜਾਵੇ ਅਤੇ ਤ੍ਰੈਗੁਣੀ ਸਤ, ਸੰਤੋਖ, ਗਿਆਨ ਹਨ। ਕੇਵਲ ਗੁਰਮਤਿ ਨਾਮ ਸੁਰਤ-ਸ਼ਬਦ ਕਮਾਈ ਦੁਆਰਾ ਹੀ ਤੱਤ ਪਰਮਾਰਥੀ ਸਤ, ਸੰਤੋਖ, ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਗੁਰਦੀਖਿਆ ਗੁਰੂ ਦੁਆਰਾ (ਪੰਜਾਂ ਪਿਆਰਿਆਂ ਦੀ ਗੁਰੂ ਸਾਹਿਬ ਦੇ ਤਾਬਿਆ ਗੁਰਮੰਤ੍ਰ ਦ੍ਰਿੜ੍ਹਾਉਣੀ ਗੁਰੱਤਤਾ ਕ੍ਰਿਸ਼ਮਾਉਣੀ ਕਲਾ ਦੁਆਰਾ) ਸੁਣੇ ਅਤੇ ਸੁਰਤੀ-ਅਭਿਆਸੇ ਬਾਝੋਂ ਨ ਹੀ ਸੱਚੇ ਗੁਰਮਤਿ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਪਰਮਾਰਥ-ਤਤਵੀ ਸਤ ਸੰਤੋਖ ਹੀ ਸੁਲੱਭਤ (ਪ੍ਰਾਪਤ) ਹੁੰਦਾ ਹੈ। ਸੁਲੱਭਤ ਤਾਂ ਕੀ ਹੋਣਾ ਸੀ? ਤਤ-ਸਤਵੀ ਸੰਤੋਖ ਗਿਆਨ ਦੀ ਸੂਝ ਬੂਝ ਭੀ ਨਹੀਂ ਹੋ ਸਕਦੀ। ਗੁਰਮਤਿ ਸਤੁ, ਸੰਤੋਖੁ, ਗਿਆਨੁ, ਆਮ ਫ਼ਹਿਮ ਅਤੇ ਆਨਮਤ ਮਤਾਂਤਰਾਂ ਸਤ ਸੰਤੋਖ ਗਿਆਨਾਂ ਤੋਂ ਅਤੀ ਵਿਲੱਖਣ ਹੈ। ਏਹਨਾਂ ਤੇਹਾਂ ਪਦਾਂ ਦੇ ਪਿਛਲੇ ਅੱਖਰ ਨੂੰ ਔਂਕੜ ਏਸੇ ਕਰਕੇ ਸਸ਼ੋਭਤ ਹੈ ਕਿ ਇਹ ਸਤੁ, ਸੰਤੋਖੁ, ਗਿਆਨੁ ਖਾਲਸਈ ਤਤ ਵਿਲੱਖਣਾਂ ਦੀ ਗੁਰਮਤਿ ਖਾਸੁਲ ਖ਼ਾਸਤਾ ਵਾਲੀ ਅਹਿਮੀਅਤ ਖ਼ਾਸੀਅਤ ਰਖਦੇ ਹਨ। ਗੁਰਮਤਿ ਸਤਿ, ਖ਼ਾਸੁਲ ਖ਼ਾਸ ਸਤਿ ਹੈ, ਜਿਸ ਦੀ ਸੂਝ ਬੂਝ ਅਤੇ ਸੁਲੱਭਤੁਜ (ਲੱਭਤਾ) ਕੇਵਲ ਗੁਰਮਤਿ ਨਾਮ ਅਭਿਆਸੀ ਸੁਰਤੀਸ਼ਰਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਲਖਾਇਆ ਸੰਤੋਖ ਭੀ ਖ਼ਾਸ ਪਰਮਾਰਥੀ ਸੰਤੁਸ਼ਟਤਾ ਵਾਲੀ ਅੰਸ ਸੰਪੰਨ ਹੈ, ਜਿਸ ਦੇ ਲਖਣਹਾਰੇ ਕੇਵਲ ਗੁਰ-ਗੰਮ-ਗਿਆਨ ਪਦ ਦੀ ਸੁਰਤੀ ਵਾਲੇ ਹੀ ਹੋ ਸਕਦੇ ਹਨ। ਹੋਰ ਆਮ ਅਗਿਆਨਤਾ ਸੁਤੇ ਹੀ ਚੁੰਚ ਕਥਨੀ ਦੁਆਰਾ ਲੋਕ ਕਥਦੇ ਫਿਰਦੇ ਹਨ, ਪ੍ਰੰਤੂ ਸਚਾ ਦਿਬ-ਜੋਤਵੀ ਗਿਆਨ ਕੇਵਲ ਗੁਰਮਤਿ ਨਾਮ ਦੀ ਅਥਾਹ ਅਭਿਆਸ ਕਮਾਈ ਅਤੇ ਉਚ ਸੁਰਤ ਸ਼ਬਦ ਦੀ ਲਖਤਾ ਦੁਆਰਾ ਹੀ ਪ੍ਰਕਾਸ਼ਤ ਹੁੰਦਾ ਹੈ ਅਤੇ ਉਚ ਆਤਮ ਅਟਾਰੜੀ ਅਵਸਥਾ ਵਿਚ ਪੁੱਗ ਕੇ ਏਹ ਤਤ ਲਖਤਾ ਪ੍ਰਾਪਤ ਹੁੰਦੀ ਹੈ ਕਿ ਨਾਮ ਹੀ ਸਤੁ ਹੈ, ਨਾਮ ਹੀ ਸੰਤੋਖੁ ਹੈ ਅਤੇ ਨਾਮ ਹੀ ਗਿਆਨੁ ਹੈ। ਨਾਮ ਬਿਹੂਣ ਹੋਰ ਕੋਈ ਸਤੁ, ਸੰਤੋਖੁ, ਗਿਆਨੁ ਨਹੀਂ।

ਨਾਮ ਗੁਰਮੰਤ੍ਰ ਗੁਰਦੀਖਿਆ ਲੈ ਕੇ ਅਤੇ ਇਤ ਬਿਧ ਸ਼ਬਦ ਸੁਰਤ ਕਮਾਈਆਂ ਦੀ ਆਤਮ ਇਸਥਿਤੀ ਅਵਸਥਾ ਗਹਿ ਕੇ ਇਸ ਬਿਧ ਗਹੀ ਆਤਮ ਅਵਸਥਾ ਵਾਲਿਆਂ ਨੂੰ ਅੰਤਰ ਆਤਮੇ ਅਠਸਠ ਤੀਰਥਾਂ ਦਾ ਇਸ਼ਨਾਨ ਪ੍ਰਾਪਤ ਹੋ ਜਾਂਦਾ ਹੈ। ਨਾਮ ਅੰਮ੍ਰਿਤ ਰੂਪ ਹੈ। ਨਾਮ ਅੰਮ੍ਰਿਤ ਪਿਰਮ ਪਿਆਲਾ ਪੀਣ-ਹਾਰੇ ਚੁਪ-ਚੁਪੋਲਿਆਂ ਨੂੰ ਨਭ ਨਾਭ ਵਿਖੇ, ਅੰਮ੍ਰਿਤ ਸਰੋਵਰ ਉਗਵ ਆਉਂਦੇ ਹਨ। ਉਹ ਅਹਿਨਿਸ ਅਮਿਉ ਉਦਕ ਤੀਰਥਾਂ ਸਰੋਵਰਾਂ ਵਿਚ ਹੀ ਤਾਰੀਆਂ ਲਾਉਂਦੇ ਰਹਿੰਦੇ ਹਨ। ਮਾਨੋ ਅਠਸਠ ਤੀਰਥਾਂ ਦਾ ਇਸ਼ਨਾਨ ਉਹਨਾਂ ਨੂੰ ਸੁਭਾਵਕ ਹੀ ਹੁੰਦਾ ਹੈ। ਹਿੰਦਵੈਣ ਦੇ ਅਠਸਠ ਤੀਰਥ ਇਸ ਅੰਮ੍ਰਿਤ ਮੱਜਨੀ ਆਤਮ ਇਸ਼ਨਾਨ ਦਾ ਅਨੰਦ ਨਹੀਂ ਭੁੰਚਾਇ ਸਕਦੇ ਅਤੇ ਇਸ ਆਤਮ ਮੱਜਨੀ ਅਵਸਥਾ ਦੇ ਲਵੇ ਨਹੀਂ ਲਗ ਸਕਦੇ। ਨਾਮ ਗੁਰਮੰਤ੍ਰ ਗੁਰਦੀਖਸ਼ਤ ਅੰਮ੍ਰਿਤ ਮੱਜਨੀ ਅਤੇ ਸੁਰਤ-ਸਾਧਕ ਸੁਰਤੱਜਨੀ ਗੁਰਮੁਖ ਸੁਅੱਜਨਾਂ ਨੂੰ ਹੀ ਨਾਮ ਦੇ ਰੰਗਾਂ ਵਿਚ ਰੱਪ ਕੇ ਨਾਮ ਬਾਣੀ ਦੇ ਪੜ੍ਹਨ ਦਾ ਸਚਾ ਆਨੰਦ ਆਉਂਦਾ ਹੈ ਅਤੇ ਓਹੀ ਪੜਿ ਪੜਿ ਮਾਨ ਪਾਉਂਦੇ ਹਨ; ਇਸ ਲੋਕ ਵਿਖੇ ਭੀ ਅਤੇ ਧੁਰ ਦਰਗਾਹੀਂ ਪਰਲੋਕ ਵਿਖੇ ਭੀ। ਅੰਮ੍ਰਿਤ ਨਾਮ ਵਿਚ ਗੀਧੇ (ਗੁੰਨ੍ਹੇ ਪਰੁੰਨੇ ਮੁਸ਼ਕ ਝਕੋਲਨੇ) ਗੁਰਮੁਖ ਜਨਾਂ ਦੇ ਮੁਖੋਂ ਉਚਰੀ ਬਾਣੀ ਅਮਿਉ ਝਰਨੇ ਝਰਨਾ ਦਿੰਦੀ ਹੈ, ਜਿਸ ਨੂੰ ਸੁਣ ਕੇ ਸੁਆਦ ਲੈਣਹਾਰੇ ਵਾਹ ਵਾਹ ਕਰ ਉਠਦੇ ਹਨ। ਅੰਮ੍ਰਿਤ ਉਚਾਰਣੀ ਬਾਣੀ ਦੀ ਅਮਿਉ ਝਰਣਾਨੀ ਮਹਿਮਾ ਮਹਾਨੀ ਅਪਰ ਅਪਾਰ ਹੈ।

ਇਸ ਬਿਧ ਅਗਲੀ ਪੰਗਤੀ "ਸੁਣਿਐ ਲਾਗੈ ਸਹਜਿ ਧਿਆਨੁ" ਦੀ ਵਿਆਖਿਆ ਤਾਂ ਸੁਤੇ ਸੁਭਾਵ ਹੀ ਸਪਸ਼ਟ ਹੋ ਜਾਂਦੀ ਹੈ। ਇਸ ਪੰਗਤੀ ਵਿਚ ਵਿਦਤਾਈ ਸਹਿਜ ਪਦ ਵਿਚ ਧਿਆਨ ਲਗਣ ਵਾਲੀ ਲਿਵ-ਮਗਨਤਾ ਪਿਛਲੀ ਪੰਗਤੀ ਵਿਚ ਦਰਸਾਈ ਅਮਿਉ ਝਰਨੇ ਝਰਨਾਉਣ ਵਾਲੀ ਬਿਵਸਥਾ ਨਾਲ ਸੰਬੰਧਤ ਹੈ। ਸਹਿਜ ਪਦ ਵਿਖੇ ਧਿਆਨ ਕੇਵਲ ਨਾਮ ਸੁਰਤੀਸ਼ਰ ਦਾ ਹੀ ਲਗ ਸਕਦਾ ਹੈ। ਸੁਰਤ ਸ਼ਬਦ ਸੁਰਤੀਸ਼ਰ ਹੀ ਸਹਿਜ ਪਦ ਲਿਵ ਮਜਨੀਸ਼ਰ ਬਣ ਸਕਦੇ ਹਨ। ਗੁਰਮਤਿ ਨਾਮ ਗੁਰਦੀਖਿਆ ਦੀਖਤ ਹੋਏ ਅਭਿਆਸ ਸਾਵਧਾਨੀ ਸੁਰਤੇ



www.AKJ.Org

ਹੀ ਸਹਿਜ ਪਦ ਵਿਖੇ ਧਿਆਨ-ਮਗਨ ਹੋਣ ਦਾ ਮਕਦੂਰ ਰਖਦੇ ਹਨ, ਹੋਰ ਕੋਈ ਨਹੀਂ ਰਖ ਸਕਦਾ। ਅਜਿਹੇ ਸਹਿਜ ਪਦ ਲਿਵ ਧਿਆਨੀ ਗੁਰੂ ਨਾਨਕ ਵਰੋਸਾਏ ਗੁਰਮੁਖਾਂ ਭਗਤਾਂ ਪ੍ਰਤੀ ਹੀ "ਸਦਾ ਵਿਗਾਸੁ" ਵਾਲਾ ਆਤਮ-ਵਿਗਾਸੀ-ਘਟਨਾਉ ਘਟਦਾ ਹੈ ਅਤੇ ਅਜਿਹੇ ਸਦ-ਨਵਤਨ ਆਤਮ ਇਨਕਸ਼ਾਫ਼ੀ ਭਗਤ ਜਨਾਂ ਦੇ ਸਮੁੱਚੇ ਦੂਖਾ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥**
**ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥**
**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥**

ਵਯਾਖਯਾ—ਨਾਮ ਦੀ ਗੁਰਮਤਿ ਰਮਜ਼ਾਈ ਗੁਰਮਤਿ ਜੁਗਤਿ ਜੁਗਤਾਈ ਸੁਰਤ ਸ੍ਰਵਣਾਈ ਦੇ ਪ੍ਰਤਾਪ ਕਰਿ ਤ੍ਰੈਗੁਣੀ ਤੁਰੀ ਗੁਣੀ ਗੁਣ ਸਰੋਵਰਾਂ ਦੇ ਸਮੂਹਾਂ ਦਾ ਸੈਰ ਦਿਬ ਦ੍ਰਿਸ਼ਟੈਰੀ ਦਰਸੈਰ (ਦਰਸਾਰ)—ਗਾਹਨ ਅਵਗਾਹਨ ਹੋ ਜਾਂਦਾ ਹੈ। ਨਾਮ ਸੁਰਤੀਸ਼ਰਾਂ ਦਾ ਸੁਰਤਿ-ਮੰਡਲ ਇਤਨਾ ਵਸੀਅ ਅਤੇ ਅਮੀਕ ਹੋ ਜਾਂਦਾ ਹੈ ਕਿ ਸਾਰਾ ਤ੍ਰੈਗੁਣੀ ਪਸਾਰਾ ਅਤੇ ਤੁਰੀਆ ਗੁਣੀ ਦਿਬ-ਦ੍ਰਿਸ਼ਟਾਰਾ ਓਹਨਾਂ ਦੀ ਦਿਬ ਦ੍ਰਿਸ਼ਟੀ ਦਾ ਸੁਤੇ ਸਹਿਜਾਰੀ ਨਜ਼ਾਰਾ ਬਣ ਜਾਂਦਾ ਹੈ।

ਨਾਮ ਸੁਣਨ ਦੇ ਪ ਰਸ-ਭੂਤੀ ਫ਼ੈਜ਼ ਪ੍ਰਭਾਵ ਕਰਕੇ ਨਾਮ ਅਭਿਆਸੀ ਸੁਰਤੇ ਗੁਰਮੁਖ ਸ਼ੇਖਾਂ ਪੀਰਾਂ ਦੇ ਭੀ ਪਾਤਸ਼ਾਹ ਬਣ ਜਾਂਦੇ ਹਨ।

ਜਿਸਨੋ ਬਖਸੇ ਸਿਫਤਿ ਸਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥ [ਜਪੁ ਜੀ ਸਾਹਿਬ ਗੁਰਵਾਕ ਦੇ ਭਾਵ ਅਨੁਸਾਰ ਪਾਤਸ਼ਾਹਾਂ ਦੇ ਭੀ ਪਾਤਸ਼ਾਹ ਬਣ ਜਾਂਦੇ ਹਨ।

ਨਾਮ ਦੇ ਸ੍ਰਵਣ ਸ੍ਰੋਤੀ, ਸੁਰਤ ਸ਼ਬਦ ਉਦੋਤੀ ਪਾਰਸ ਪ੍ਰਭਾਵੀ ਪ੍ਰਤਾਪ ਕਰਕੇ ਮੂੜ੍ਹ ਅੰਧ ਅਗਿਆਨੀ ਭੀ ਗੁਰਮਤਿ ਸੁਮਾਰਗੀ ਸੁਘੜ ਸੁਜਾਨੀ ਤੱਤ-ਆਤਮ-ਦਰਸੀਏ ਸੁਗਿਆਨੀ ਬਣ ਜਾਂਦੇ ਹਨ।

ਨਾਮ ਦੇ ਸੁਣਨ ਦੀ ਅਕਲ ਕਲਾ ਬਰਕਤ ਦੇ ਤੁਫ਼ੈਲ ਸ਼ਬਦ ਸੁਰਤਿ ਗੁਰਮਤਿ ਮਾਰਗ ਦੇ ਪਾਂਧੀ ਗੁਰਮੁਖ ਜਨਾਂ ਨੂੰ ਅਥਾਹ ਗਤਿ ਮਿਤ ਵਾਲਾ ਪਾਰਬ੍ਰਹਮ ਪਰਮੇਸ਼ਰ ਭੀ ਹਸਤਾਮਲ ਵੰਤ (ਹੱਥ ਉਤੇ ਪਏ ਔਲੇ ਵਾਂਗ) ਆਸ਼ਕਾਰ ਅਤੇ ਸਾਖਸ਼ਾਤਕਾਰ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਦੀ ਨਦਰਿ ਨਦਰਾਏ ਗੁਰਮੁਖਾਂ ਭਗਤ ਜਨਾਂ ਨੂੰ ਐਸਾ ਸਦ ਰਿਦ-ਵਿਗਾਸੀ ਇਨਕਸ਼ਾਫ਼ ਹੁੰਦਾ ਹੈ ਕਿ ਜਿਸ ਦੇ ਪ੍ਰਭਾਵ ਕਰਕੇ ਨਾਮ ਵਿਗਾਸਨੀ ਸੁਰਤੀ ਹੋਰ ਤੋਂ ਹੋਰ ਖੁਲ੍ਹਦੀ, ਵਿਗਸਦੀ, ਖਿੜਦੀ ਅਤੇ ਚੜ੍ਹਦੀ ਰਹਿੰਦੀ ਹੈ। ਅਤੇ ਨਾਮ ਦੀਆਂ ਅਨਹੱਤ ਧੁਨੀਆਂ ਹੋਰੋ ਹੋਰ ਤੇ ਜ਼ੋਰੋ ਜ਼ੋਰ ਸੁਣਨਿ ਵਿਚ, ਨਿਤ ਨਵਲ ਰੰਗਾਂ ਵਿਚ ਆ ਜ਼ਹੂਰਾਉਂਦੀਆਂ ਹਨ, ਜਿਨ੍ਹਾਂ ਦੇ ਸੁਣਨ ਕਰਕੇ ਦੁਖਾਂ,ਪਾਪਾਂ, ਕਲੇਸ਼ਾਂ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ।

## ਮੰਨੇ ਦੀ ਪਉੜੀਆਂ ਦੀ ਵਯਾਖਯਾ

**ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥**
**ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥**
**ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥**

ਵਯਾਖਯਾ—ਗੁਰੂ ਦੁਆਰਾ ਗੁਰਦੀਖਿਆ ਗੁਰੂ-ਮੰਤ੍ਰ ਲੈ ਕੇ ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਤਿਨ੍ਹਾਂ ਗੁਰਮੁਖਾਂ ਦੇ ਨਾਮ ਨੂੰ ਮੰਨਣ ਦੀ ਗਹਿਣ ਗਤਿ ਕਹੀ ਨਹੀਂ ਜਾ ਸਕਦੀ :—

— ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥ (ਪੰਨਾ ੧੩੧੪)
— ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥੮॥ (ਪੰਨਾ ੬੪੫)



www.AKJ.Org

– ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥ (ਪੰਨਾ ੭੨੬)
– ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ (ਪੰਨਾ ੧੫੨)
– ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹਉਮੈ ਪਾਪਾ ਰਾਮ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥ (ਪੰਨਾ ੫੭੪)
– ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥ ਗੁਰਬਾਣੀ ਹਰਿ ਅਲਖੁ ਲਖਾਇਆ ॥(ਪੰਨਾ ੩੬੬

ਸੁਣ ਕੇ ਨਾਮ ਨੂੰ ਮੰਨਣ ਦੀ ਗਤਿ ਮਿਤ ਵਡਿਆਈ ਇਸ ਅਗਲੇਰੇ ਗੁਰਵਾਕ ਤੋਂ ਕੈਸੀ ਰੌਸ਼ਨ ਹੁੰਦੀ ਹੈ :–

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥.......
ਜਿਨਿ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥.....
ਜਿਸੁ ਅੰਦਰਿ ਨਾਮੁ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥੪॥੩੭॥ (ਪੰਨਾ ੨੭)

ਸੁਣ ਕੇ ਨਾਮ ਮੰਨਣ ਦੀ ਗਤਿ ਮਿਤ ਮਹਿਮਾ ਜੋ ਇਸ ਗੁਰਵਾਕ ਅੰਦਰ ਵਿਦਮਾਨ ਹੈ, ਓਹ ਹੋਰ ਕਿਸੇ ਤੋਂ ਤਾਂ ਕਦੇ ਭੀ ਕਹੀ ਨਹੀਂ ਜਾ ਸਕਦੀ। ਏਹ ਗੁਰੂ ਸਾਹਿਬ ਨੂੰ ਹੀ ਤੌਫ਼ੀਕ ਹੈ ਕਿ ਧੁਰ ਕੀ ਆਈ ਬਾਣੀ ਦੁਆਰਾ "ਮੰਨੇ ਕੀ ਗਤਿ" ਵਰਨਣ ਕਰ ਸਕਣ, ਹੋਰ ਕਿਸੇ ਨੂੰ ਕੀ ਸਾਰ। ਗੁਰੂ ਸਾਹਿਬ ਇਹ ਉਪਰਲੇ ਗੁਰਵਾਕ ਦੁਆਰਾ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਗੁਰੂ ਦੁਆਰਿਓਂ ਗੁਰਮਤਿ ਗੁਰਦੀਖਿਆ ਰਾਹੀਂ ਨਾਮ ਨੂੰ ਸੁਣਿਆ ਹੈ, ਤਿਨ੍ਹਾਂ ਦਾ ਨਿਜ ਘਰ ਸਚੇ ਅਸਲ ਘਰ ਅਕਾਲ ਪੁਰਖ ਦੇ ਸਰੂਪ ਵਿਚ ਵਾਸ ਹੋ ਗਿਆ ਹੈ, ਹੋ ਜਾਂਦਾ ਹੈ ਅਤੇ ਹੋ ਜਾਵੇਗਾ, ਜੋ ਜੋ ਭੀ ਗੁਰਮੁਖ ਜਨ ਉਪਰ ਲਿਖੀ ਬਿਧ ਜੁਗਤਿ ਦੁਆਰਾ ਨਾਮ ਨੂੰ ਸੁਣ ਕੇ ਮੰਨਣਗੇ ਯਾ ਮੰਨਦੇ ਹਨ। ਇਸ ਤੋਂ ਵਡੀ ਵਡਿਆਈ "ਮੰਨੇ ਕੀ ਗਤਿ" ਦੀ ਹੋਰ ਕੀ ਹੋ ਸਕਦੀ ਹੈ। ਗੁਰਮਤਿ ਗੁਰਦੀਖਿਆ ਦੁਆਰਾ ਨਾਮ ਨੂੰ ਸੁਣਿ ਮੰਨਣਹਾਰੇ ਹੀ ਸਚੀ ਸਿਫਤ ਸਾਲਾਹ ਵਿਚ ਅਰੂੜ੍ਹ ਹੋ ਸਕਦੇ ਹਨ। "ਗੁਰਮਤੀ ਸਾਲਾਹਿ ਸਚੁ" ਸਚੀ ਸਿਫਤ ਸਾਲਾਹ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਇਸ ਮੰਨੇ ਦੀ ਪ੍ਰਭਤਾ ਵਾਲੀ ਸਿਫਤਿ ਸਾਲਾਹ ਦੁਆਰਾ ਸਿਫ਼ਤਿ ਸਾਲਾਹੀ ਗੁਣੀ ਗੁਣਤਾਸ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਸੁਣਿ ਮੰਨਣੀ ਸਰਧਾ-ਬਿਵਸਥਾ ਨੂੰ ਪ੍ਰਾਪਤ ਹੋ ਕੇ ਹੀ ਸ਼ਬਦ ਸੁਰਤਿ ਦੇ ਰੰਗ ਚਲੂਲੇ ਚੜ੍ਹਦੇ ਹਨ, ਤੇ ਗੁਣੀ ਗੁਣਤਾਸ ਵਾਹਿਗੁਰੂ ਘਟ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ, ਅਤੇ ਘਟ ਰਿਦੇ ਵਿਖੇ ਅਗਾਧ ਅਮਿਤ ਜੋਤ ਪ੍ਰਕਾਸ਼ ਵਾਲਾ ਜੋਤੀ ਸਰੂਪ ਦਾ ਪਰਗਾਸ ਹੋ ਜਾਂਦਾ ਹੈ। ਇਸ ਜੋਤ ਪ੍ਰਤਿਬਿੰਬਨੀ ਝਲਕ-ਵਿਗਾਸ ਅੰਦਰਿ ਜਿਨ੍ਹਾਂ ਦੇ ਹਿਰਦੇ ਵਿਖੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ, ਓਹ ਸਦਾ ਸਦਾ ਲਈ ਜੁਗੋ ਜੁਗ ਅਸਥਿਰ ਹੋ ਜਾਂਦੇ ਹਨ, ਐਸੀ ਹੈ "ਮੰਨੇ ਕੀ ਗਤਿ" ਵਾਲੀ ਮਹਿਮਾ ਅਗਾਧ ਬੋਧ। ਇਸ ਨੂੰ ਕੋਈ ਅਲਪੱਗ ਜੀਵ ਕੀ ਕਥ ਸਕਦਾ ਹੈ? ਜੇ ਕੋਈ ਕੂੜ ਹਮਾਕਤੀ ਅਲਪੱਗ ਜੀਵ ਕਹਿਣ ਕਥਨ ਦੀ ਹਮਾਕਤ ਭਰੀ ਮੂੜ੍ਹਤਾ ਕਰ ਹੀ ਬੈਠਦਾ ਹੈ ਤਾਂ ਪਿਛੋਂ ਪਛੋਤਾਉਂਦਾ ਹੈ, ਕਿਉਂਕਿ 'ਜੇ ਕੋ ਖਾਇਕੁ ਆਖਣਿ ਪਾਇ ॥ ਓਹ ਜਾਣੈ ਜੇਤੀਆ ਮੁਹਿ ਖਾਇ ॥" ਵਾਲੀ ਦੁਰਦਸ਼ਾ ਉਸ ਦੀ ਹੁੰਦੀ ਹੈ, ਮੰਨੇ ਕੀ ਗਤਿ ਮਿਤ ਮਹਿਮਾ ਦਾ ਨਾ ਸਿਰਫ ਕਥਨ-ਹਾਰ ਹੀ ਕੋਈ ਨਹੀਂ, ਸਗੋਂ "ਮੰਨੇ ਕੀ ਗਤਿ" ਦਾ ਲਿਖਣਹਾਰਾ ਭੀ ਕੋਈ ਨਹੀਂ।

"ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥"

ਜੇ ਵਿਚਾਰਵਾਨ ਬਹਿ ਕੇ ਮੰਨੇ ਕੀ ਮਹਿਮਾ ਦਾ ਵੀਚਾਰ ਕਰਨ ਯਾ ਕਰਨ ਲੱਗਣ ਤਾਂ ਨਾ ਕੋਈ ਲਿਖਣਹਾਰਾ ਤੱਤ ਵਿਚਾਰ ਵਾਲਾ ਲਿਖਾਰੀ ਹੈ, ਨਾ ਤੱਤ--ਲੇਖ-ਲਿਖਣੀ ਕਲਮ, ਜੋ ਕਾਗਦਾਂ (ਕਾਗਦਾਂ ਦੇ ਢੇਰਾਂ) ਵਿਚ ਮੰਨੇ ਕੀ



www.AKJ.Org

ਮਹਿਮਾ ਮਈ ਤੱਤ ਵੀਚਾਰ ਦਾ ਲੇਖਾ ਲਿਖ ਸਕੇ । ਨਾਉਂ ਮੰਨਣ ਦੀ ਗਤਿ ਕਿਵੇਂ ਆਖੀ ਜਾ ਸਕੇ, ਕਿਉਂਕਿ ਗੁਰਵਾਕ ਹੈ :—

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥
ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥ (ਪੰਨਾ ੧੬)

ਐਸੀ ਮੰਨੇ ਕੀ ਗਤਿ ਮਿਤ ਮਹਿਮਾ ਉਪਰਲੇ ਵਾਕ ਲਿਖੇ ਅਨੁਸਾਰ ਹੀ ਲਿਖੀ ਲਖੀ ਜਾ ਸਕਦੀ ਹੈ, ਅਤੇ ਐਸਾ ਹੈ ਨਾਮ ਨਿਰੰਜਨ । ਪਰ ਇਸ ਨਾਮ ਨਿਰੰਜਨ ਦੀ ਮਹਿਮਾ ਤਦੇ ਹੀ ਗਤਿ ਮਿਤ ਹੁੰਦੀ ਹੈ, ਅਤੇ ਓਸੇ ਗੁਰਮੁਖਿ ਨਾਮ ਅਭਿਆਸੀ ਤੋਂ ਲਖੀ ਪਰਤਖੀ ਜਾ ਸਕਦੀ ਹੈ—"ਜੇ ਕੋ ਮੰਨਿ ਜਾਣੈ ਮਨਿ ਕੋਇ ॥"

ਜੇ ਕੋਈ ਮੰਨਣਾ ਜਾਣੈ (ਨਾਮ ਨੂੰ) ਮਨ ਕਰਕੇ, ਭਾਵ ਮਨ, ਬਚ ਕਰਮ ਕਰਕੇ ਹਿਤੋਂ ਚਿਤੋਂ ਜਿਸ ਕਿਸੇ ਗੁਰਮੁਖ ਨੇ ਨਾਮ ਨੂੰ ਮੰਨਿਆ ਹੈ ਤਿਸੇ ਹੀ ਨਾਮੁ ਨਿਰੰਜਨ ਦੀ ਮਹਿਮਾ ਜਾਣੀ ਲਖੀ ਹੈ ।

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥**
**ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨਾ ਜਾਇ ॥**
**ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥**

ਵਯਾਖਯਾ—ਨਾਮ ਦੇ ਮੰਨਣ ਕਰਕੇ ਨਾਮ ਦੇ ਮੰਨਣਹਾਰਾ ਨਾਮ ਦੀ ਅਭਿਆਸ ਕਮਾਈ ਕਰਨਹਾਰਾ ਹੋਣ ਕਰਕੇ ਹੀ ਨਾਮ ਦੇ ਮੰਨਣਹਾਰੇ ਗੁਰਮੁਖ ਅਭਿਆਸੀ ਜਨਾਂ ਦੇ ਮਨ ਵਿਖੇ ਸੱਚੀ ਤੱਤ-ਬੋਧਨੀ-ਸੁਰਤੀ ਅਤੇ ਸਤਿ ਗੁਰਮਤਿ ਮਤਿ ਸੁਬੁਧੀ ਸੰਜੀਵਤ ਹੁੰਦੀ ਹੈ, ਅਤੇ ਨਾਮ ਦੇ ਮੰਨਣ ਕਰਕੇ ਹੀ ਨਾਮ ਮੰਨਣਹਾਰੇ ਅਰਥਾਤ ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕਰਨਹਾਰੇ ਗੁਰਮੁਖ ਜਨਾਂ ਨੂੰ "ਸਗਲ ਭਵਨ ਕੀ ਸੁਧਿ" ਪ੍ਰਾਪਤ ਹੋ ਜਾਂਦੀ ਹੈ । ਸਾਰੇ ਖੰਡ ਮੰਡਲ ਬ੍ਰਹਿਮੰਡੀ ਭਵਨਾਂ ਦੀ ਸਾਪੇਖਸ਼ ਸੋਝੀ (ਲਖਤਾ) ਪ੍ਰਾਪਤ ਹੋ ਜਾਂਦੀ ਹੈ । ਸਾਮ੍ਹਣੇ ਦ੍ਰਿਸ਼ਟੀ ਗੋਚਰੀ ਸਾਪੇਖਸ਼ਤਾ ਐਸੀ ਦਿੱਬ-ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਕਿ ਅਣ-ਦਿਸਦੇ ਅਣ-ਗਿਣਤ ਖੰਡ, ਬ੍ਰਹਿਮੰਡ, ਦੀਪ, ਲੋਅ ਦ੍ਰਿਸ਼ਟੀ ਸਨਮੁਖ ਐਉਂ ਦਿਸਣ ਲਗ ਪੈਂਦੇ ਹਨ ਜਿਵੇਂ ਹੱਥ ਤੇ ਧਰਿਆ ਹੋਇਆ ਔਲਾ (ਆਮਲਾ) ਦਿਸ ਪੈਂਦਾ ਹੈ ।

ਨਾਮ ਦੇ ਮੰਨਣ, ਨਿਧਿਆਸਨ, ਅਭਿਆਸਨ ਦਾ ਪ੍ਰਤਾਪ ਹੀ ਹੈ ਕਿ ਨਾਮ ਦਾ ਮੰਨਣਹਾਰਾ ਸੰਸਾਰ ਦੇ ਮੋਹ ਮਮਤਾ ਮਈ ਮਾਇਕ ਪਦਾਰਥਾਂ ਤੇ ਸੰਸਾਰਕ ਸੰਬੰਧੀਆਂ ਦੇ ਹੇਤ ਜੰਜਾਲ ਵਿਚ ਰਚ ਪਚ ਕੇ, ਮੁਹਾ ਕੇ, ਮੋਹ ਠਗਉਲੀ ਖਾ ਕੇ ਬਹੁੜਿ ਬਹੁੜਿ ਜੰਮਣ ਮਰਨ ਦੇ ਅਤੇ ਕਰੜੇ ਦੁਖਾਂ ਦੁਫੇੜਿਆਂ ਦੀਆਂ ਚੁਰਾਸੀਆਂ ਦੇ ਗੇੜ ਵਾਲੀਆਂ ਮਹਾਂ ਦੁਸ਼ਤਰੀ ਸੱਟਾਂ ਚੋਟਾਂ ਨਹੀਂ ਖਾਂਦਾ ਅਤੇ ਨਾਮ ਦੇ ਮੰਨਣ ਅਸਥੰਮਨ ਕਰਕੇ ਨਾਮ ਮੰਨਣਹਾਰਾ ਅਭਿਆਸੀ ਜਨ ਗੁਰਮੁਖਿ ਪਿਆਰਾ ਜਮਾਂ ਦੇ ਨਾਲ ਨਹੀਂ ਜਾਂਦਾ । ਜਮ ਜਾਗਾਤੀ ਉਸ ਦੇ ਨੇੜੇ ਭੀ ਨਹੀਂ ਆਉਂਦਾ, ਕੋਈ ਜਮਦੂਤ, ਜਮਰਾਜ ਉਸ ਨੂੰ ਬੰਨ੍ਹ ਨਹੀਂ ਚਲਾਉਂਦਾ । ਐਸਾ ਹੈ ਨਾਮ ਨਿਰੰਜਨ ਦਾ ਵਡੀ ਹੂੰ ਵਡਾ ਅਪਾਰ ਮਰਤਬਾ, ਪਰ ਇਸ ਨਾਮ ਨਿਰੰਜਨ ਦਾ ਪਾਰਸ ਪ੍ਰਭੂਤੀ ਪ੍ਰਤਾਪ ਤਦੇ ਵਰਤਦਾ ਹੈ ਜੇ ਕੋਈ ਗੁਰਮੁਖ ਜਨ ਮਨ ਕਰਕੇ (ਮਨਿ) ਇਸ ਨਾਮ ਨੂੰ ਮੰਨਿ ਜਾਣੇ, ਅਰਥਾਤ ਨਾਮ ਦੀਆਂ ਮੰਨਣ ਨਿਧਿਆਸਣ ਅਭਿਆਸ ਕਮਾਈਆਂ ਕਰਨ ਜਾਣਦਾ ਹੋਵੇ ।

**ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥**
**ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥**



www.AKJ.Org

**ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥**

ਵਖਾਖਯਾ–"ਮੰਨੈ ਮਾਰਗਿ ਠਾਕ ਨ ਪਾਇ" ਨਾਮ ਦੇ ਮੰਨਣ ਨਿਧਿਆਸਣ ਕਰਕੇ ਨਾਮ ਨਿਧਾਨ ਦੇ ਨਿਧਿਆਸਨੀ ਸਿਮਰਨ ਦੀਆਂ ਅਤੁਟ ਕਮਾਈਆਂ ਤੋੜ ਨਿਬਹੇ ਪੁਗ ਖਲੋਤੇ ਮੁਨਿ, ਮੁਨੀਸ਼ਰ, ਗੁਰਮੁਖ ਜਨ ਨੂੰ ਧੁਰ ਦਰਗਾਹ ਪਰਵੇਸ਼ੀ ਮਾਰਗ ਵਿਚ ਕੋਈ ਰੋਕ ਠਾਕ ਨਹੀਂ ਹੁੰਦੀ। "ਠਾਕਿ ਨ ਹੋਤੀ ਤਿਨਹੁ ਦਰਿ,"* ਸਗੋਂ ਉਹ ਪਤਿ ਪਰਤਿਸ਼ਟਾ ਸੇਤੀ ਧੁਰ ਦਰਗਾਹੀ ਗੁਰਪੁਰੀ ਨਿਧੜਕ ਦੰਮ ਦੰਮ ਕਰਦੇ ਜਾ ਦਾਖ਼ਲ ਹੁੰਦੇ ਹਨ, ਅਤੇ "ਪੰਚੇ ਪਾਵਹਿ ਦਰਗਹਿ ਮਾਨੁ" ਵਾਲੇ ਪਰਮਾਣੀਕ ਪੁਰਖ ਹੋ ਜਾਂਦੇ ਹਨ। ਗੁਰਮਤਿ ਨਾਮ ਦੇ ਮੰਨਣ ਕਰਕੇ ਨਾਮ ਦੇ ਮੰਨਣਹਾਰਿਆਂ ਦਾ ਗੁਰਮਤਿ ਮਾਰਗੀ ਪਰਗਟ ਪੰਥ ਕਦੇ ਭੀ ਚਲਾਇਮਾਨ ਨਹੀਂ ਹੁੰਦਾ, ਸਦਾ ਨਿਹਚਲ ਰਹਿੰਦਾ ਹੈ। "ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ"†। "ਮੰਨੈ ਮਗੁ ਨ ਚਲੈ ਪੰਥੁ" ਦੀ ਪੰਗਤੀ ਅੰਦਰ 'ਮਗੁ' ਅਤੇ 'ਪੰਥੁ' ਦੋਹਾਂ ਪਦਾਂ ਦੇ ਅਖ਼ੀਰਲੇ (ਪਦੇ) ਅਖਰਾਂ ਨੂੰ ਔਂਕੜ ਹੋਣ ਕਰਕੇ ਮਾਰਗ ਤੇ ਯਾ ਪੰਥ ਵਿਖੇ ਚਲਣ ਦੇ ਅਰਥ ਨਹੀਂ ਬਣਦੇ। ਅਤੇ 'ਮਗੁ' ਦੇ ਗਗੇ ਨੂੰ ਔਂਕੜ ਹੋਣ ਕਰਿ ਨਾ ਹੀ ਅਗਲਾ ਨੰਨਾ ਨਾਲ ਮਿਲ ਕੇ 'ਮਗਨ' ਬਣ ਸਕਦਾ ਹੈ, ਬਣੂ ਤਾਂ 'ਮਗੁਨ' ਬਣੂ, ਪ੍ਰੰਤੂ ਸਮੱਗਰ ਗੁਰਬਾਣੀ ਵਿਖੇ ਕਿਤੇ ਭੀ 'ਮਗੁਨ' ਪਾਠ ਨਹੀਂ ਆਉਂਦਾ; 'ਮਗਨ' ਹੀ ਆਉਂਦਾ ਹੈ। "ਚਲੈ" ਦੇ ਅਰਥ 'ਚਲਦਾ ਹੈ' ਨਹੀਂ, 'ਚਲਾਇਮਾਨ ਹੁੰਦਾ' ਹੈ। ਗੁਰਮਤਿ ਮਾਰਗੀਆਂ ਨਾਮ ਅਭਿਆਸੀਆਂ ਦਾ ਨਿਹਚਲ ਪੰਥ ਕਿਉਂ ਰਹਿੰਦਾ ਹੈ ? ਅਤੇ ਕਿਉਂ ਚਲਾਇਮਾਨ ਨਹੀਂ ਹੁੰਦਾ ? ਇਸ ਦਾ ਉਤਰ ਅਗਲੀ ਤੁਕ ਦਸਦੀ ਹੈ ਕਿ : "ਮੰਨੈ ਧਰਮ ਸੇਤੀ ਸਨਬੰਧੁ"। ਨਾਮ ਦੇ ਮੰਨਣਹਾਰਿਆਂ ਦਾ ਸਨਬੰਧ (ਵਾਸਤਾ) ਨਿਰੋਲ ਧਰਮ ਗੁਰਮਤਿ ਪ੍ਰਮਾਰਥੀ ਧਰਮ ਨਾਲ ਹੀ ਹੁੰਦਾ ਹੈ ਅਤੇ–

"ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥" (੧੧੮੮)

ਦੇ ਗੁਰਵਾਕ ਅਨੁਸਾਰ ਭੀ ਇਹੋ ਸਿੱਧ ਹੁੰਦਾ ਹੈ ਕਿ ਗੁਰਮਤਿ ਰੂਪੀ ਸਚਾ ਧਰਮ ਹੀ ਜੁਗੁ ਜੁਗੁ ਪੂਰਾ ਉਤਰਦਾ ਹੈ, ਅਰਥਾਤ, ਅਚੱਲ ਅਤੇ ਅਸਥਿਰ ਰਹਿੰਦਾ ਹੈ, ਅਤੇ ਜੋ ਕੋਈ ਇਸ ਗੁਰਮਤਿ ਧਰਮ ਦੇ ਧਾਰਨ (ਦ੍ਰਿੜ੍ਹ) ਕਰਨਹਾਰਾ ਹੈ, ਓਹੋ ਹੀ ਜੁਗੁ ਜੁਗੁ ਪੂਰਾ ਉਤਰਦਾ ਹੈ। ਐਸਾ ਹੈ ਨਾਮੁ ਨਿਰੰਜਨੁ, ਜਿਸ ਦੇ ਮਹਾਤਮ ਦਾ ਉਪਰ ਲਿਖਿਆ ਪ੍ਰਭਾਵ ਵਰਤਦਾ ਹੈ, ਪਰ ਤਾਂ ਵਰਤਦਾ ਹੈ ਜੇ ਕੋਈ ਮਨ ਕਰਕੇ ਗੁਰਮਤਿ ਨਾਮ ਨੂੰ ਮੰਨਣਾ ਜਾਣੈ।

**ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥**
**ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥**
**ਐਸਾ ਨਾਮੁ ਨਿਰੰਜਨ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥**

ਵਖਾਖਯਾ–"ਮੰਨੈ ਪਾਵਹਿ ਮੋਖੁ ਦੁਆਰੁ" ਨਾਮ ਦੇ ਮੰਨਣ ਕਰਕੇ ਨਾਮ ਨੂੰ ਮੰਨਣਹਾਰੇ ਸੱਚੀ ਮੁਕਤ ਰੂਪੀ ਸੱਚ ਦਰਗਾਹੀ ਦੁਆਰ ਨੂੰ ਪਾ ਲੈਂਦੇ ਹਨ, ਨਾਮ ਦੇ ਮੰਨਣ ਨਿਧਿਆਸਨ ਕਰਕੇ ਨਾ ਸਿਰਫ਼ ਨਾਮ ਦਾ ਮੰਨਣ ਨਿਧਿਆਸਨ ਕਰਨਹਾਰਾ ਗੁਰਮੁਖ ਜਨ ਖ਼ੁਦ ਮੋਖ ਦੁਆਰੁ ਨੂੰ ਪ੍ਰਾਪਤ ਹੁੰਦਾ ਹੈ, ਬਲਕਿ "ਮੰਨੈ ਪਰਵਾਰੈ ਸਾਧਾਰੁ" ਨਾਮ ਦੇ ਮੰਨਣ ਕਰਕੇ ਨਾਮ ਮੰਨਣਹਾਰਾ ਸਾਰੇ ਪਰਵਾਰ ਦਾ ਸਾਧਾਰ (ਨਿਸਤਾਰਾ) ਕਰਨਹਾਰਾ ਬਣ ਜਾਂਦਾ ਹੈ, ਪਰਵਾਰ ਛਡ ਕੇ ਇਕੀ ਕੁਲਾਂ ਦਾ ਭੀ ਤਾਰਕ ਹੋ ਜਾਂਦਾ ਹੈ। "ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥"** ਸਤਿਗੁਰ ਦੀ ਸ਼ਫ਼ਾਅਤ ਨਾਲਿ, ਐਸੀ ਹੈ ਪਾਰਸ ਕਲਾ ਨਾਮ ਰਸਾਇਣ ਦੀ ਅਤੇ ਚੰਭੁਕ ਰਸਾਇਣੀ ਨਾਮ ਅਭਿਆਸ ਦੇ ਪਾਰਸ ਪ੍ਰਤਾਪ ਦੀ–

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ (ਪੰਨਾ ੪੯੬)

ਗੁਰਵਾਕ ਦੇ ਭਾਵ ਅਨੁਸਾਰ ਨਾਮ ਸਿਮਰਨਹਾਰੇ ਗੁਰਮੁਖਿ ਜਨ ਨਾਮ ਸਿਮਰ ਸਿਮਰ ਕੇ ਆਪਣੇ ਪਰਲੋਕ-ਗਮਨ-ਪਿਤਰਾਂ ਦਾ ਭੀ ਉਧਾਰ ਕਰ ਦਿੰਦੇ ਹਨ। "ਪਰਵਾਰੈ ਸਾਧਾਰੁ" ਹੋਣ ਵਿਚ ਤਾਂ ਕੀ ਸੰਦੇਹ ਹੋ ਸਕਦਾ ਹੈ ? ਪੁਗ

*ਗਉ: ਬਾਵਨ ਅਖਰੀ ਮ: ੫ (ਸਲੋਕ ੨੮),ਪੰਨਾ ੨੫੫। †ਬਿਹਾਗੜੇ ਕੀ ਵਾਰ ਮ: ੪ (ਸਲੋਕ ਮ: ੩ ॥੨॥),ਪੰਨਾ ੫੪੮
**ਗਉੜੀ ਬੈਰਾਗਣਿ ਮ: ੪, ਪੰਨਾ ੧੬੬



www.AKJ.Org

ਖਲੋਤੇ ਗੁਰਮੁਖ ਜਨਾਂ ਦੀ ਸਤਿਗੁਰੂ ਹਰ ਪਰਕਾਰ ਬਾਹੁੜੀ ਕਰਦਾ ਹੈ, ਅਤੇ ਉਹਨਾਂ ਦੀ ਕੀਤੀ ਨੂੰ ਕਿਰਪਾ ਕਰਕੇ ਆਪ ਸਤਿਗੁਰੂ ਨਿਬਾਹ ਲੈਂਦਾ ਹੈ, ਉਹਨਾਂ ਦੇ ਥਾਉਂ ਆਪ ਖਲੋਇ ਕੈ ਸਤਿਗੁਰੂ ਬਾਹੁੜੀ ਨਿਬਾਹੁੜੀ ਕਰਦਾ ਹੈ। "ਮੰਨੈ ਤਰੈ ਤਾਰੇ ਗੁਰੁ ਸਿਖ" ॥

ਚਾਹੇ ਨਾਮ ਦੇ ਮੰਨਣਹਾਰੇ ਨਾਮ ਨਿਧਿਆਸਨੀ ਅਭਿਆਸੀ ਸਿਖ ਨੇ ਕਿਤਨੀ ਹੀ ਨਾਮ ਕਮਾਈ ਕੀਤੀ ਹੋਵੇ, ਪਰ ਉਹ ਗੁਰੂ ਦੀ ਨਦਰ ਮੇਹਰ ਨਾਲ ਹੀ ਤਰਦਾ ਹੈ। ਉਹ ਆਪਣੀ ਕਰਣੀ ਕਰਿ ਆਪੋਂ ਤਰਨ ਦਾ ਦਮ ਕਦੇ ਨਹੀਂ ਮਾਰ ਸਕਦਾ ਅਤੇ ਨਾ ਹੀ ਆਪ ਆਪਣੇ ਹੁਦਰੋਂ ਹੀ ਤਰ ਸਕਦਾ ਹੈ, ਸਦਾ ਗੁਰਪ੍ਰਸਾਦਿ ਕਰਿ ਹੀ ਤਰੇਗਾ। ਗੁਰਮਤਿ ਦਾ ਏਹ ਮੁਸੱਲਮਾ ਅਸੂਲ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੀ ਸੁਫਲ ਫਲਾਈ ਦਾ ਇਹ ਗੁਰਮਤਿ ਮੰਨਿਆ ਪਰਮੰਨਿਆ ਅਸੂਲ ਹੈ ਕਿ ਪੁਜ ਕੇ ਕੀਤੀਆਂ ਨਾਮ ਅਭਿਆਸ ਕਮਾਈਆਂ ਵਾਲੇ ਸਿਖ ਨੂੰ ਤਾਰੇ ਤਾਂ ਗੁਰੂ ਹੀ ਤਾਰੇ, ਉਹ ਆਪੋਂ ਆਪਣੀ ਕਰਨੀ ਕਰਿ ਤਰਨ ਦੀ ਡੀਂਗ ਕਦੇ ਨਹੀਂ ਮਾਰ ਸਕਦਾ। ਨਾਮ ਅਭਿਆਸੀ ਸਿਖ ਦੀ ਸੁਕ੍ਰਿਤ ਕਰਨੀ ਦਾ ਫਲ ਪ੍ਰਦਾਤਾ ਸਤਿਗੁਰੂ ਹੈ, ਭੂਤ ਭਵਿਖਤ ਦਾ ਏਹ ਅਟੱਲ ਗੁਰਮਤਿ ਸਿਧਾਂਤ ਹੈ ਕਿ ਸਿਖ ਨੂੰ ਤਾਰੇ ਤਾਂ ਗੁਰੂ ਹੀ ਤਾਰੇ। ਸੋ ਨਾਮ ਦੇ ਮੰਨਣ ਕਰਕੇ ਨਾਮ ਕਮਾਈਆਂ ਦੇ ਤੁਫ਼ੈਲ ਹੀ ਨਾਮ ਅਭਿਆਸੀ ਸਿਖ ਤਰਦਾ ਹੈ, ਪਰ ਗੁਰੂ ਦਾ ਤਾਰਿਆ ਹੀ ਤਰਦਾ ਹੈ। ਉਸ ਨੂੰ ਤਾਰੇ ਤਾਂ ਗੁਰੂ ਹੀ ਤਾਰੇ। ਗੁਰੂ ਪਦ ਦੇ ਰਾਰੇ ਨੂੰ ਔਕੁੜ ਹੋਣ ਕਰਕੇ ਗੁਰੂ ਪਦ ਸਿਖ ਪਦ ਨਾਲ ਸੰਮਿਲਤ ਹੋ ਕੇ 'ਗੁਰਸਿਖ' ਨਹੀਂ ਬਣ ਸਕਦਾ, ਗੁਰਸਿਖ ਤਾਂ ਬਣੇ ਜੇ ਔਂਕੁੜ ਨਾ ਹੋਵੇ। 'ਸਿਖ' ਪਦ ਦੇ ਖੱਖੇ ਦਾ ਔਂਕੁੜ ਇਉਂ ਉੜਿਆ ਹੈ ਕਿ ਸਿਖ ਦੇ ਨਾਲ 'ਨੂੰ' ਦੇ ਅਰਥ ਸੰਬੰਧਤ ਹਨ, ਗੁਰੂ ਸਿਖ ਨੂੰ ਤਾਰੇ ਅਤੇ ਇਸ ਬਿਧ ਗੁਰ ਨਦਰਿਸ਼ਟ ਹੋ ਕੇ ਹੀ ਸਿਖ ਤਰਦਾ ਹੈ, 'ਤਰੈ' ਹੈ ਅਤੇ ਇਸ ਬਿਧਿ–

"ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥" [ਜਪੁਜੀ ਸਾਹਿਬ ਦਾ ਅੰਤਲਾ ਤੱਤ ਗੁਰਮਤਿ ਅਸੂਲ ਅੰਦਰ ਨਿਰਣੇ ਵਿਆਖਤ ਹੁੰਦਾ ਹੈ। 'ਤਰੈ' ਦਾ ਸੰਬੰਧ ਗੁਰੂ ਨਾਲ ਨਹੀਂ, ਜੈਸਾ ਕਿ ਕਈ ਟੀਕਾਕਾਰ ਅਰਥ ਕਰਦੇ ਹਨ ਕਿ ਨਾਮ ਦੇ ਮੰਨਣ ਕਰਿ ਗੁਰੂ ਤਰਦਾ ਹੈ ਅਤੇ ਸਿੱਖਾਂ ਨੂੰ ਤਾਰਦਾ ਹੈ। ਸਤਿਗੁਰੂ ਤਾਂ "ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੁਹਿ ਤਾਰੈ"* ਦੇ ਗੁਰਵਾਕ ਅਨੁਸਾਰ ਖ਼ੁਦ ਹੀ ਤਰਨ ਤਾਰਨ ਸਮਰਥ ਧੁਰ ਦਰਗਾਹੋਂ ਹੀ ਤਰਿਆ ਹੋਇਆ ਹੈ, ਹਾਂ ! ਧੁਰੋਂ ਗੁਰੂ ਕਰਤਾਰ ਦੀ ਦਰਗਾਹੋਂ ਹੀ ਨਾਮ ਗੁਰਮੰਤ੍ਰ ਮਿਲਣ ਕਰਿ ਤਰਨ ਤਾਰਨ ਸਮਰੱਥ ਹੈ, ਪਰ 'ਮੰਨੈ' ਦੇ ਅਰਥਾਂ ਵਿਚ ਧੁਰ ਦਰਗਾਹੋਂ ਨਾਮ ਮਿਲਣ ਦੇ ਅਰਥ ਨਹੀਂ ਸੰਬੋਧੇ ਜਾ ਸਕਦੇ, ਤਾਂ ਤੇ–

"ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥" ਦਾ ਭਾਵ ਸਿਖ ਅਭਿਆਸੀ ਜਨਾਂ ਤੇ ਹੀ ਘਟ ਸਕਦਾ ਹੈ ਅਤੇ ਨਾਮ ਦੇ ਮੰਨਣ ਕਮਾਵਣਹਾਰੇ ਸਿਖਾਂ ਪ੍ਰਥਾਇ ਹੀ ਖ਼ੂਬ ਫਬਦਾ ਹੈ। "ਸੁਣਿਐ" "ਮੰਨੈ" ਦੀਆਂ ਪਉੜੀਆਂ ਸਿਖਾਂ ਪ੍ਰਥਾਇ ਉਚਾਰਨ ਹੋਈਆਂ ਹਨ ਅਤੇ ਗੁਰੂ ਪ੍ਰਥਾਇ ਉਚਾਰਨ ਹੋਈ ਕਿਸੇ ਪੰਗਤੀ ਪਉੜੀ ਨੂੰ ਮੰਨਣਾ ਉੱਕਾ ਹੀ ਅਨੁਥਾ ਹੈ।

"ਮੰਨੈ ਨਾਨਕ ਭਵਹਿ ਨ ਭਿਖ ॥" ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਦੇ ਮੰਨਣ ਕਰ ਨਾਮ ਦੇ ਮੰਨਣਹਾਰੇ ਨਾਮ ਦੀ ਭਿਖਿਆ ਹੇਤ ਹੋਰ ਥਾਉਂ ਭਉਂਦੇ ਨਹੀਂ ਫਿਰਦੇ। ਜਿਨ੍ਹਾਂ ਨੂੰ ਗੁਰਮਤਿ ਨਾਮ ਦੀਖਿਆ ਉਤੇ ਦ੍ਰਿੜ੍ਹ ਵਿਸ਼ਵਾਸ ਆਇਆ ਹੈ, ਜੋ ਏਸ ਦ੍ਰਿੜ੍ਹ ਵਿਸ਼ਵਾਸ ਸ਼ਰਧਾ ਕਰਕੇ ਗੁਰਮਤਿ ਨਾਮ ਦਾ ਜਾਪ ਅਭਿਆਸ ਰੂਪੀ ਮੰਨਣ ਨਿਧਿਆਸਣ ਕਰਦੇ ਹਨ, ਉਹਨਾਂ ਦਾ ਘਰ ਏਥੇ ਗੁਰੂ ਘਰ ਵਿਚ ਹੀ ਪੂਰਾ ਹੋ ਜਾਂਦਾ ਹੈ। ਉਹਨਾਂ ਨੂੰ ਨਿਜ-ਆਤਮ ਵਿਸ਼ਾਇਣੀ ਭੁਖ ਮਿਟਾਉਣ ਹੇਤ ਨਾਮ ਦੀਖਿਆ ਦੀ ਭਿਖਿਆ ਮੰਗਣ ਲਈ ਦਰ ਦਰ ਭਉਣਾ ਭਟਕਣਾ ਨਹੀਂ ਪੈਂਦਾ। ਉਹ ਗੁਰੂ ਦੇ ਅਨਿੰਨ ਭਰੋਸੇ ਵਾਲੇ ਅਡੋਲ ਬਿਰਤੀਏ ਸ਼ਰਧਾਲੂ ਸਿਖ ਹੋ ਜਾਂਦੇ ਹਨ।

['ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ 'ਚੋਂ

* ਕਾਨੜਾ ਮ: ੫, ਪੰਨਾ ੧੩੦੧



www.AKJ.Org

# 'ਘਾਟ ਨ ਕਿਨ ਹੀ ਕਹਾਇਆ'

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

ਵਾਹਿਗੁਰੂ ਜੀ ਦੀ ਰਚਨਾ ਬੜੀ ਬੇਅੰਤ ਹੈ। ਸਾਰੀ ਰਚਨਾ ਵਿਚ ਇਕੋ ਸੁਰਤਿ (ਚੇਤਨਾ-ਜੋਤਿ) ਕੰਮ ਕਰ ਰਹੀ ਹੈ–

ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥
(ਸਿਰੀ ਰਾਗੁ ਮ: ੧, ਪੰਨਾ ੨੪)

ਪਰ ਉਹ ਆਪਣੀ ਰਚਨਾ ਨੂੰ ਕਿਸੇ ਖ਼ਾਸ ਨਿਯਮ ਨਾਲ ਤੋਰ ਰਿਹਾ ਦਿਸਦਾ ਹੈ–

ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ (ਪੰਨਾ ੨੪-੨੫)

ਹਰ ਇਕ ਜੀਵ ਦੀ ਸੁਰਤਿ ਵਿਚ ਉਹ ਆਪ ਹੀ ਤੁਣਕਾ ਮਾਰਦਾ ਹੈ, ਸੋਧ ਬਖ਼ਸ਼ਦਾ ਹੈ। ਫਿਰ ਕਰਮ ਸੁਕਰਮ ਦੇ ਮਹਾਨ ਚਕਰ ਤੇ ਚੜ੍ਹਾ ਦਿੰਦਾ ਹੈ। ਛੋਟੇ ਛੋਟੇ ਜੀਵਾਂ ਜੰਤਾਂ ਤੋਂ ਲੈ ਕੇ ਵੱਡੇ ਤੋਂ ਵੱਡੇ ਅਸਥੂਲ ਜੀਵਾਂ ਵਿਚ ਉਹ ਆਪ ਹੀ ਵਰਤ ਰਿਹਾ ਹੁੰਦਾ ਹੈ। ਅਕੱਲ ਕਲਾ ਦੀ ਗੁਝੀ ਖੇਡ ਰਾਹੀਂ, ਅਦ੍ਰਿਸ਼ਟ ਬਿਸਮਾਦੀ ਕਰਤਾਰੀ ਖੇਡ ਰਾਹੀਂ ਇਹ ਰਚਨਾ ਚਲ ਰਹੀ ਹੈ।

ਮਨੁਖ ਇਸ ਬਿਸਮਾਦੀ ਰਚਨਾ ਦਾ ਸਭ ਤੋਂ ਉਤਮ ਨਮੂਨਾ ਆਖਿਆ ਜਾਂਦਾ ਹੈ। ਇਸ ਵਿਚ ਸੁਰਤਿ ਜਾਂ ਜੋਤਿ ਦੇ ਪ੍ਰਕਾਸ਼ ਦੀਆਂ ਬਹੁ-ਪੱਖੀ ਤਰੰਗਾਂ ਰੂਪਮਾਨ ਹੋ ਕੇ ਸਾਹਮਣੇ ਆਉਂਦੀਆਂ ਹਨ। ਮਨੁਖ ਵਿਚ ਰਚਣਹਾਰ ਨੇ ਕੁਝ ਐਸੀਆਂ ਕਲਾਂਵਾਂ (Talents) ਰੱਖੀਆਂ ਹਨ ਜਿਵੇਂ ਸੋਚ ਸ਼ਕਤੀ, ਯਾਦ ਸ਼ਕਤੀ, ਕਲਪਨਾ ਸ਼ਕਤੀ, ਖੋਜ ਕਰਨ ਦੀ ਚਾਹ, ਮਾਇਕ ਸੰਸਾਰ ਵਿਚ ਹਰ ਸ਼ੈ ਤੇ ਕਬਜ਼ਾ ਕਰਨ ਅਤੇ ਮਾਲਕੀ ਬਣਾਈ ਰਖਣ ਦੀ ਚਾਹ। ਪੁਰਾਤਨ ਧਰਮ-ਚਿੰਤਕਾਂ ਦੀ ਬੋਲੀ ਵਿਚ, ਜਾਂ ਗੁਰਮਤਿ ਦੇ ਬੋਲਾਂ ਅਨੁਸਾਰ ਇਹ ਸਭ ਕੁਝ ਮਨ, ਚਿਤ, ਬੁਧੀ ਉਤੇ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਦਾ ਡੂੰਘਾ ਪ੍ਰਭਾਵ ਕਿਹਾ ਜਾਂਦਾ ਹੈ। ਛੋਟੀਆਂ ਛੋਟੀਆਂ ਜੂਨਾਂ ਵਿਚ ਭੀ ਇਹਨਾਂ ਦਾ ਹੀ ਪ੍ਰਭਾਵ ਹੁੰਦਾ ਹੈ, ਪਰ ਅਕਾਰ ਅਨੁਸਾਰ ਪ੍ਰਭਾਵ ਭੀ ਵੱਡਾ ਛੋਟਾ ਹੁੰਦਾ ਹੈ। ਦਿਬ ਦ੍ਰਿਸ਼ਟੀ ਵਾਲੇ ਸਤਿਗੁਰਾਂ ਨੂੰ ਤਾਂ ਇਹ ਪ੍ਰਭਾਵ ਰੋਗ ਰੂਪ ਹੀ ਦਿਸਦਾ ਹੈ–

ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ਰਹਾਉ॥ (੧੧੪੦)

ਅਤੇ ਇਉਂ ਸਾਰੀ ਕਾਇਨਾਤ (ਰਚਨਾ) ਪੰਜਾਂ ਦੇ ਪ੍ਰਭਾਵ ਹੇਠ ਰੋਗਾਂ ਵਿਚ ਹੀ ਜਨਮ ਲੈਂਦੀ ਤੇ ਮਰਦੀ ਹੈ–

ਰੋਗੇ ਮਰਤਾ, ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥੩॥
(ਭੈਰਉ ਮ: ੫, ਪੰਨਾ ੧੧੪੧)

ਸਾਰੀ ਰਚਨਾ ਦਾ ਅੰਤ ਪਾਉਣਾ ਮਨੁਖ ਲਈ ਤਾਂ ਅਸੰਭਵ ਹੈ। ਪਰ ਹਾਂ ਮਨੁਖ ਦੀ ਸੁਰਤੀ ਦੀਆਂ ਸੋਧਾਂ ਨੂੰ ਵੇਖ ਕੇ ਕੁਝ ਕੁ ਮੀਲ-ਪੱਥਰ ਅਤੇ ਮਾਪ ਬਣਾਏ ਜਾ ਸਕਦੇ ਹਨ, ਜਿਨ੍ਹਾਂ ਤੋਂ ਮਨੁਖ ਦੇ ਆਤਮਕ-ਵਿਗਾਸ ਦੀ ਰੇਖਾ ਚਿਤਰੀ ਜਾ ਸਕੇ। ਮਨੁਖੀ ਜਾਮੇ ਵਿਚ ਉਹਨਾਂ ਮਨੁਖਾਂ ਨੂੰ ਵਿਗਾਸ ਦੀ ਪਉੜੀ ਤੋਂ ਹੇਠਾਂ ਮੰਨਿਆ ਜਾਏ, ਜੋ ਸਰੀਰਕ ਰੋਗਾਂ ਕਾਰਨ ਆਪਣੀ ਸੋਚਣ-ਸੁਰਤਿ ਗੁਆ ਬੈਠਦੇ ਹਨ ਤੇ ਪਾਗਲ ਹੋ ਗਏ ਹਨ। ਵੈਸੇ ਗੁਰਮਤਿ ਤਾਂ ਨਾਮਹੀਣ ਮਨੁਖਾਂ ਨੂੰ ਆਤਮ-ਵਿਗਾਸ ਦੀ ਇਸ ਪਉੜੀ ਤੋਂ ਹੇਠਾਂ ਡਿੱਗੇ ਹੋਏ ਪਾਗਲ ਹੀ ਮੰਨਦੀ ਹੈ–

ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥੩॥ (ਵਡਹੰਸ ਮ: ੩, ਪੰਨਾ ੫੬੮)

ਮਨੁਖ ਦੀ ਚੇਤਨਾ ਨੇ ਜਦੋਂ ਅੰਦਰ ਚੁਭੀ ਮਾਰੀ ਤਾਂ ਇਕ ਸਵਾਲ ਉਸ ਦੇ ਸਾਹਮਣੇ ਆ ਖੜਾ ਹੋਇਆ, "ਇਸ ਮਨੁਖਾ ਜਨਮ ਦਾ ਕੀ ਮਨੋਰਥ ਹੈ?" ਇਸ ਸਵਾਲ ਨੇ ਪੂਰਬ ਅਤੇ ਪਛਮ, ਉਤਰ ਅਤੇ ਦਖਣ, ਜਿਥੇ ਜਿਥੇ ਭੀ ਮਨੁਖ ਹੈ, ਉਸਨੂੰ ਟੁੰਬਿਆ ਤੇ ਸਦੀਵ ਕਾਲ ਤਕ ਇਹ ਟੁੰਬਣ ਟੁੰਬਦੀ ਰਹੇਗੀ। ਸੰਸਾਰ ਦੇ ਵਖ ਵਖ ਭਾਗਾਂ ਵਿਚ ਬੁਧੀਜੀਵੀਆਂ ਨੇ ਆਪੋ ਆਪਣੀ ਬੁਧੀ ਅਨੁਸਾਰ ਉਤਰ ਦੇਣ ਦਾ ਜਤਨ ਕੀਤਾ ਹੈ।



www.AKJ.Org

ਮਾਡਰਨ ਪਛਮੀ ਫ਼ਿਲਾਸਫ਼ਰ ਸਾਤ੍ਰ ਨੇ ਅਸਤਿਤਵਾਦ ਦੀ ਫ਼ਿਲਾਸਫ਼ੀ ਦੇ ਕੇ ਮਨੁਖ ਨੂੰ ਪੂਰਨ ਤੌਰ ਤੇ ਆਪਣੀ ਮਨ-ਮਰਜ਼ੀ ਦਾ ਪਿੱਛਲਗ ਤੇ ਦਿਸ਼ਾ-ਹੀਣ ਪ੍ਰਾਣੀ ਬਣਾ ਦਿੱਤਾ ਹੈ। ਇਸ ਨੂੰ ਮਨੁਖ ਦੀ ਬੌਧਕ ਉਚਾਈ ਕਹਿੰਦੇ ਹਨ। ਕਾਰਲ ਮਾਰਕਸ ਨੇ ਸੋਚ-ਸ਼ੀਲ ਮਨੁਖ ਨੂੰ ਇਕ ਨਵੇਂ ਆਰਥਕ-ਪ੍ਰਬੰਧ ਦੇ ਸਹਾਰੇ ਹਲੇਮੀ ਰਾਜ ਦਾ ਲਾਰਾ ਲਾਇਆ। ਮਨੁਖ ਹੁਣ ਤਾਈਂ ਮਨ-ਬੁਧੀ ਅਤੇ ਆਪਣੇ ਹਉਂ ਦੇ ਆਖੇ ਵਿਚ ਤੁਰਿਆ ਹੈ ਤੇ ਅੱਜ ਸਮੁਚੀ ਰਚਨਾ ਨੂੰ ਜਵਾਲਾਮੁਖੀ ਦੇ ਮੂੰਹ ਤਕ ਲਿਆਉਣ ਵਿਚ ਸਫਲ ਹੋਇਆ ਹੈ, ਜੋ ਕਿਸੇ ਸਮੇਂ ਭੀ ਫਟ ਸਕਦਾ ਹੈ, ਤੇ ਇਹ ਦਿਸਦਾ ਸੰਸਾਰ ਹੁਣ ਭਸਮ ਹੋ ਜਾਣ ਵਿਚ ਕੁਝ ਮਿੰਟ ਹੀ ਲਗਣਗੇ।

ਅੱਜ ਦੇ ਮਨੁਖ ਵਿਚ ਚੇਤਨਾ ਹੈ, ਪਰ ਇਹ ਬੇ-ਖ਼ਬਰ ਚੇਤਨਾ ਹੈ। ਹਰ ਮਨੁਖ ਵਿਚ ਤਰਕ (Reason) ਪਰਧਾਨ ਹੁੰਦਾ ਹੈ। ਪਰ ਆਤਮਕ ਵਿਗਾਸ ਦੀ ਪਉੜੀ ਤਰਕ ਦੀ ਪਹਿਲੀ ਪਉੜੀ ਤੋਂ ਕਾਫ਼ੀ ਦੂਰ ਹੈ। ਮਨੁਖ ਦੀ ਚੇਤਨਾ ਨੇ ਉਸਨੂੰ ਕੇਵਲ ਬੁਧੀ-ਜੀਵੀ ਹੀ ਬਣਾਇਆ ਹੈ। ਅੱਜ ਦੇ ਮਨੁਖ ਦੀ ਧਾਰਨਾ ਚਾਰ ਵਾਕਾਂ(Epicurians) ਦੀ ਤਰਕ ਤਕ ਹੀ ਸੀਮਤ ਰਹਿ ਜਾਂਦੀ ਹੈ ਕਿ "ਇਹ ਜਗ ਮਿੱਠਾ, ਅਗਲਾ ਕਿਨੁ ਡਿੱਠਾ।" ਸੋ ਅੱਜ ਦਾ ਬੁਧੀਜੀਵੀ ਇਸ ਸੰਸਾਰ ਨੂੰ ਸੁਖ ਭਾਲਣ ਅਤੇ ਸੁਖ ਮਾਨਣ ਦਾ ਅਸਥਾਨ ਹੀ ਸਮਝਦਾ ਹੈ। ਪਰ ਦੁਖ ਭੀ ਤਾਂ ਜੀਵਨ ਦਾ ਇਕ ਅਨਿਖੜਵਾਂ ਅੰਗ ਹੁੰਦਾ ਹੈ, ਜੋ ਉਹਨਾਂ ਨੂੰ ਸੁਖ ਦੀ ਭਾਲ ਦੇ ਚਕਰ ਵਿਚ ਪਾਈ ਰਖਦਾ ਹੈ।

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥ (ਗਉੜੀ ਗੁਆਰੇਰੀ ਕਬੀਰ ਜੀ, ਪੰਨਾ ੩੩੦)

ਮਨੁਖਤਾ ਦੇ ਇਸ ਬੁਧੀਜੀਵੀ ਸਮੂਹ ਨੂੰ ਇਕ ਮੀਲ-ਪੱਥਰ ਕਹਿ ਲਉ। ਇਸ ਵਿਚ ਹੇਠ ਲਿਖੇ ਗੁਣ ਅਉਗਣ ਪਰਧਾਨ ਹੁੰਦੇ ਹਨ :–

(੧) ਆਪਣੀ ਹਉਂ ਨੂੰ ਬਣਾਈ ਰਖਣ ਲਈ ਹਰ ਪ੍ਰਕਾਰ ਦੇ ਜਤਨ ਕਰਨੇ। ਜੇ ਮੈਂ ਤੇ ਮੇਰੀ ਮੇਰੀ ਮਿਟ ਗਈ ਤਾਂ ਬਾਕੀ ਕੀ ਰਹਿ ਗਿਆ ? ਇਹਨਾਂ ਦਾ ਉਤਰ ਹੈ=ਸਿਫ਼ਰ। ਸੋ ਸੰਸਾਰ ਵਿਚ ਰਹਿ ਕੇ ਆਪਣੀ ਹਸਤੀ ਨੂੰ ਕਾਇਮ ਰਖਣਾ, ਅਤੇ ਇਸੇ ਦੇ ਵਿਕਾਸ ਲਈ ਜਾਇਜ਼ ਨਜਾਇਜ਼ ਹੀਲੇ ਵਰਤ ਕੇ ਤਰੱਕੀ ਕਰਨਾ। ਪਹਿਲਾਂ ਨਾਲੋਂ ਵਧੇਰੇ ਧਨ ਕਮਾਉਣਾ, ਵੱਡਾ ਵੱਡਾ ਬਣਨ ਦਾ ਜਤਨ ਕਰਨਾ। ਆਪਣੀ ਵਾਹ ਵਾਹ ਕਰਨੀ ਤੇ ਕਰਾਉਣੀ, ਖ਼ੁਸ਼ਾਮਦੀ ਬਣਨਾ, ਤੇ ਫਿਰ ਹੋਰਾਂ ਨੂੰ ਭੀ ਖ਼ੁਸ਼ਾਮਦ ਦਾ ਭੁਸ ਪਾਉਣਾ। ਗੁੱਸਾ ਗਿੱਲ੍ਹਾ, ਈਰਖਾ, ਨਿੰਦਾ, ਚੁਗਲੀ ਕਰਕੇ ਬੁਧੀਜੀਵੀ ਸਦਾ ਖੇੜੇ ਦੀ ਥਾਂ ਬਖੇੜੇ ਵਿਚ ਵਿਚਰਨ ਦਾ ਆਦੀ ਹੋ ਜਾਂਦਾ ਹੈ। ਉਸ ਦਾ ਜੀਵਨ-ਮਨੋਰਥ ਕੇਵਲ ਦੋ ਡੁਮੈਨਸ਼ਨਾਂ ਦਾ ਹੁੰਦਾ ਹੈ : ਕਮਾਉਣਾ ਅਤੇ ਖਾ ਪੀ ਲੈਣਾ। ਫਿਰ ਜੰਮਣਾ ਤੇ ਮਰਨਾ। ਇਹਨਾਂ ਵਿਚ ਅਨਪੜ੍ਹਾਂ ਤੋਂ ਲੈ ਕੇ ਮਹਾਨ ਵਿਦਵਾਨ ਅਤੇ ਫ਼ਿਲਾਸਫਰ ਤਕ ਸਭ ਸ਼ਾਮਲ ਹਨ।

(੨) ਕੁਝ ਬੁਧੀਜੀਵੀ ਮੁਨਸ਼ੀ ਪ੍ਰੇਮ ਚੰਦ ਦੇ ਇਸ ਵਿਚਾਰ ਨੂੰ ਆਪਣੇ ਮਨ ਵਿਚ ਧਾਰਨ ਕਰ ਲੈਂਦੇ ਹਨ ਕਿ ਆਪੋ ਆਪਣੇ ਧਰਮ-ਕਰਮ, ਪਾਠ-ਪੂਜਾ ਕਰ ਲੈਣ ਵਿਚ ਕੋਈ ਹਰਜ ਨਹੀਂ, ਕਿਉਂਕਿ ਜੇ ਤਾਂ ਰੱਬ ਸੱਚੀ-ਮੁੱਚੀ ਨਿਕਲ ਆਇਆ ਤਾਂ ਸਾਡੇ ਕੀਤੇ ਧਰਮ-ਕਰਮਾਂ ਅਨੁਸਾਰ ਸਾਨੂੰ ਜ਼ਰੂਰ ਫਲ ਦੇਵੇਗਾ, ਪਰ ਜੇਕਰ ਰੱਬ ਨਾਮ ਦੀ ਕੋਈ ਚੀਜ਼ ਖੋਜ ਕਰਨ ਤੇ ਨ ਨਿਕਲੀ ਤਾਂ ਦਿਨ ਭਰ ਵਿਚ ਪੰਜ ਨਿਮਾਜ਼ਾਂ, ਜਾਂ ਪੰਜ ਬਾਣੀਆਂ ਦੇ ਨਿਤਨੇਮ ਜਾਂ ਠਾਕਰ ਜੀ ਦੀ ਪੂਜਾ, ਅਤੇ ਗਿਰਜੇ ਵਿਚ ਐਤਵਾਰ ਨੂੰ ਕੀਤੀ ਪ੍ਰਾਰਥਨਾ ਤੇ ਕੋਈ ਬਹੁਤਾ ਸਮਾਂ ਤਾਂ ਲਗਦਾ ਨਹੀਂ। ਇਉਂ ਕਰ ਲੈਣ ਵਿਚ ਹਰਜ ਵੀ ਕੀ ਹੈ ?

ਬੁੱਧੀਜੀਵੀ ਭਾਵੇਂ ਕਿਤਨਾ ਹੀ ਵਿਦਵਾਨ ਹੋਵੇ, ਉਸਦੇ ਮਨ ਦੇ ਧੁਰ ਅੰਦਰ ਸ਼ੰਕਾ (doubt) ਹਰ ਵਕਤ ਟਿਕੀ ਰਹਿੰਦੀ ਹੈ, "ਜੇ ਰੱਬ ਹੋਇਆ, ਸਾਡੇ ਸਿਦਕ ਨੂੰ ਵੇਖਦਿਆਂ ਸਾਡਾ ਕੀ ਬਣੂ ?" "ਜੇ ਰੱਬ ਨਾ ਹੋਇਆ, ਤਾਂ ਇਹ ਸਾਰੇ ਧਰਮ ਅਤੇ ਕਰਮ ਫ਼ਜ਼ੂਲ ਹੀ ਕੀਤੇ ?" ਇਸ ਨਾਲ ਬੁਧੀਜੀਵੀ ਮਾਨਸਿਕ ਤੌਰ ਤੇ ਬੇ-ਸਿਦਕੀ ਤੇ ਬੇ-ਭਰੋਸੇ ਵਾਲਾ ਬਣਿਆ ਰਹਿੰਦਾ ਹੈ। ਉਹ ਜੇ ਕਿਤੇ ਧਰਮ ਕਰਮ ਕਰਦਾ ਭੀ ਹੈ ਤਾਂ ਉਹ ਅੰਦਰੋਂ ਖੁਭ ਕੇ ਨਹੀਂ ਕਰਦਾ; ਦੁਚਿੱਤਾ ਜਿਹਾ ਹੋ ਕੇ ਕਰੀ ਜਾਂਦਾ ਹੈ। ਜਿਵੇਂ ਫ਼ੁਰਮਾਨ ਹੈ–



www.AKJ.Org

ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ, ਮੁਖਹੁ ਗੰਢ ਲਾਵਤ ॥੭॥੫॥
(ਸੁਖਮਨੀ ਮ: ੫, ਪੰਨਾ ੨੬੯)

ਉਸਦੇ ਸੁਭਾਅ ਵਿਚ ਇਕ ਅਜੀਬ ਬੇਰੁਖ਼ੀ (Casualness) ਜਿਹੀ ਆ ਜਾਂਦੀ ਹੈ। ਉਹ ਬਾਣੀ ਪੜ੍ਹਦਾ ਹੈ ਕੇਵਲ ਅੱਖਰ-ਬੋਧ ਲਈ, ਕੇਵਲ ਸਮਝਣ ਜਾਂ ਸਮਝਾਉਣ ਲਈ ਕਿ ਗੁਰੂ ਮਹਾਰਾਜ ਕੀ ਕਹਿੰਦੇ ਹਨ, ਪਰ ਬਾਣੀ ਦੀ ਅੰਦਰ ਵਰਤ ਰਹੀ ਪਾਰਸ-ਕਲਾ ਉਸਨੂੰ ਛੂੰਹਦੀ ਤਕ ਨਹੀਂ। ਇਵੇਂ ਹੀ ਵੇਦਾਂ, ਪੁਰਾਣਾਂ, ਗੀਤਾ, ਕੁਰਾਨ ਜਾਂ ਅੰਜੀਲ ਦੇ ਪਾਠਕਾਂ ਦਾ ਹਾਲ ਹੈ। ਸਭ ਉਪਰੋਂ ਉਪਰੋਂ ਰਹਿਤ ਰਹਿਣੀ ਵਿਚ ਕਾਇਮ ਦਿਸਦੇ ਹਨ, ਪਰ ਅੰਦਰੋਂ ਖ਼ਾਲੀ ਖ਼ਾਲੀ ਜਿਹੇ ਆਪਣੀ ਵਿਦਵਤਾ ਦੇ ਮਾਣ ਅਤੇ ਬੌਧਿਕ ਤੀਖਣਤਾ ਦੇ ਮਾਣ ਵਿਚ ਤੁਰੇ ਫਿਰਦੇ ਦਿਸਦੇ ਹਨ। ਭਗਤ ਕਬੀਰ ਜੀ ਨੂੰ ਇਹੋ ਜਿਹੇ ਬੁਧੀਜੀਵੀ, ਮਨ ਦੇ ਕੋਰੇ ਅਤੇ ਮਨ ਦੇ ਅੰਧੇ ਲਗਦੇ ਹਨ, ਤ੍ਰੈਗੁਣੀ ਮਾਇਆ ਦੇ ਸੰਘਣੇ ਹਨੇਰੇ ਵਿਚ ਤੁਰੇ ਫਿਰਦੇ ਹਨ–

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾ ਸੁਨੀਐ ॥
ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥......
ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥੧॥ਰਹਾਉ॥
(ਸੋਰਠਿ ਕਬੀਰ ਜੀ, ਪੰਨਾ ੬੫੫)

ਇਸ ਬੁੱਧੀਜੀਵੀ ਵਰਗ ਵਿਚ ਇਕ ਖ਼ਾਸ ਵਰਗ ਉਹਨਾਂ ਸਿਆਣਿਆਂ ਦਾ ਹੈ, ਜਿਨ੍ਹਾਂ ਨੂੰ ਅਸੀਂ ਉਸਤਾਦ, ਪਰਚਾਰਕ, ਪੰਡਿਤ, ਮੁੱਲਾਂ ਜਾਂ ਪ੍ਰੀਸਟ ਕਹਿੰਦੇ ਹਾਂ। ਉਹ ਆਪੋ ਆਪਣੇ ਧਰਮ ਦੇ ਖੇਤਰ ਵਿਚ ਬੜੀ ਡੂੰਘੀ ਜਾਣਕਾਰੀ ਪ੍ਰਾਪਤ ਕਰਦੇ ਹਨ ਤੇ ਆਮ ਬੁੱਧੀਜੀਵੀਆਂ ਨਾਲੋਂ ਆਪਣੇ ਧਰਮ ਜਾਂ ਹੋਰਨਾਂ ਧਰਮਾਂ ਬਾਰੇ ਜ਼ਿਆਦਾ ਕੁਝ ਜਾਣਦੇ ਹੁੰਦੇ ਹਨ। ਇਹਨਾਂ ਵਿਚ ਧਰਮ ਦੇ ਵਿਸ਼ੇ ਤੇ ਲਿਖਣ ਵਾਲੇ ਲਿਖਾਰੀ ਭੀ ਸ਼ਾਮਲ ਹਨ। ਇਸ ਵਰਗ ਦੇ ਬੁੱਧੀ-ਜੀਵੀਆਂ ਬਾਰੇ ਬਾਣੀ ਵਿਚ ਇਉਂ ਲਿਖਿਆ ਹੈ :–

ਆਪਿ ਨ ਬੂਝੈ, ਲੋਕ ਬੁਝਾਵੈ ॥ ਮਨ ਕਾ ਅੰਧਾ, ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥ (ਬਿਲਾਵਲੁ ਮ: ੩, ਪੰਨਾ ੮੩੨)

ਇਵੇਂ ਹੀ ਬਨਾਸਪਤੀ-ਵਿਗਿਆਨੀ ਅਤੇ ਜੀਵ-ਵਿਗਿਆਨੀ ਬਨਾਸਪਤੀ ਅਤੇ ਜੀਵਾਂ ਦੇ ਕਈ ਪ੍ਰਕਾਰੀ ਭੇਦ, ਰੁਚੀਆਂ, ਆਕਾਰ, ਪ੍ਰਕਾਰ ਅਤੇ ਗੁਣ, ਦੋਸ਼ ਦੇ ਪੂਰੇ ਮਾਹਰ ਹੁੰਦੇ ਹਨ। ਵਿਗਿਆਨੀ ਦਾ ਗਿਆਨ ਹੋਰ ਚੀਜ਼ ਹੈ ਤੇ ਫੁਲਾਂ ਦੀ ਸੁਗੰਧੀ ਅਤੇ ਫਲਾਂ ਦੇ ਮਿੱਠੇ ਖੱਟੇ ਰਸ ਨੂੰ ਮਾਣਨਾ ਬਿਲਕੁਲ ਹੋਰ ਚੀਜ਼ ਹੈ। ਜੀਵਾਂ ਦੇ ਭੇਦ ਜਾਣਨੇ ਹੋਰ ਚੀਜ਼ ਹੈ, ਪਰ ਇਹਨਾਂ ਸਾਰਿਆਂ ਅੰਦਰ ਇਕੋ ਜੋਤਿ ਦੇ ਦਰਸ਼ਨ ਕਰਕੇ ਨਿਹਾਲ ਹੋਣਾ ਬਿਲਕੁਲ ਹੋਰ ਗੱਲ ਹੈ। ਬਨਾਸਪਤੀ ਅਤੇ ਜੀਵਾਂ ਨੂੰ ਵੇਖ ਵੇਖ ਕੇ ਵਿਸਮਾਦ ਹੋਣਾ ਬੁੱਧੀ-ਜੀਵੀ ਦੇ ਵਸ ਤੋਂ ਬਾਹਰ ਹੈ :–

ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥ (ਸਿਰੀਰਾਗੁ ਮ: ੫, ਪੰਨਾ ੭੧)

ਸੋ ਸਪੱਸ਼ਟ ਹੈ ਬੁਧੀਜੀਵੀ ਦੀ ਆਪਣੀ ਸੀਮਾ ਹੈ ਅਤੇ ਉਸਨੇ ਦਿਸਦੇ ਸੰਸਾਰ ਦੇ ਭੌਤਕ ਸਰੂਪ ਨੂੰ ਖੋਜ ਕੇ ਬਿਆਨਣਾ ਹੈ। ਸੁਗੰਧੀ ਜਾਂ ਮਿਠਾਸ ਅਨੁਭਵੀ ਗੱਲਾਂ ਹਨ, ਜੋ ਦਿਸਦੀਆਂ ਨਹੀਂ, ਪਰ ਹਨ ਜ਼ਰੂਰ। ਸਾਰੇ ਫੁਲਾਂ ਵਿਚ ਸੁਗੰਧੀ ਕਿਉਂ ਨਹੀਂ ਹੁੰਦੀ, ਜਾਂ ਸਾਰੇ ਫਲ ਮਿੱਠੇ ਕਿਉਂ ਨਹੀਂ ਹੁੰਦੇ? ਧਰਤੀ, ਪਾਣੀ, ਹਵਾ, ਧੁੱਪ ਅਤੇ ਖਾਦ ਤਾਂ ਸਭ ਬੂਟਿਆਂ ਨੂੰ ਇਕੋ ਜਿਹੀ ਮਿਲਦੀ ਹੈ, ਫਿਰ ਕੋਈ ਅੰਮ੍ਰਿਤ ਰਸ ਨਾਲ ਕਿਉਂ ਭਰ ਜਾਂਦਾ ਹੈ? ਤੇ ਕਿਸੇ ਵਿਚ ਜ਼ਹਿਰ ਕਿਉਂ ਹੁੰਦਾ ਹੈ? ਆਖ਼ਰ ਇਹ ਸਭ ਕਿਵੇਂ ਅਤੇ ਕਿਉਂ ਹੁੰਦਾ ਹੈ? ਕੀ ਇਸ ਸਾਰੀ ਭਿੰਨਤਾ ਪਿਛੇ ਭੀ ਕੋਈ ਏਕਤਾ ਹੈ? ਬੁੱਧੀਜੀਵੀ ਲਈ ਇਹਨਾਂ ਸਵਾਲਾਂ ਦਾ ਉਤਰ ਦੇਣਾ ਅਸੰਭਵ ਹੈ। ਉਸ ਦੇ ਗਿਆਨ ਦੀ ਆਪਣੀ ਸੀਮਾ ਹੈ। ਇਸ ਦਾ ਭੇਦ ਤਾਂ ਕਰਣਹਾਰ ਹੀ ਜਾਣੇ।

ਭਾਈ ਵੀਰ ਸਿੰਘ ਜੀ ਦੀ ਇਕ ਪ੍ਰਸਿਧ ਕਵਿਤਾ ਹੈ, ਜਿਸ ਨੂੰ ਆਮ ਤੌਰ ਤੇ ਉਹਨਾਂ ਦੀ ਦਿਲੀ ਇੱਛਾ



www.AKJ.Org

ਦਾ ਪ੍ਰਤੀਕ ਮੰਨਿਆ ਜਾਂਦਾ ਹੈ—

ਮੇਰੀ ਛਿਪੇ ਰਹਿਣ ਦੀ ਚਾਹ, ਤੇ ਛਿਪ ਟੁਰ ਜਾਣ ਦੀ।
ਹਾਏ ! ਪੂਰੀ ਹੁੰਦੀ ਨਾ, ਮੈਂ ਤਰਲੇ ਲੈ ਰਿਹਾ। (ਬਨਫਸ਼ੇ ਦਾ ਫੁਲ)

ਬੁੱਧੀਜੀਵੀ ਉਹਨਾਂ ਨੂੰ ਮਹਾਨ ਵਿਦਵਾਨ ਮੰਨਦੇ ਸਨ, ਪਰ ਅਸਲ ਵਿਚ ਉਹ ਬੁੱਧੀਜੀਵੀਆਂ ਨਾਲੋਂ ਕਿਤੇ ਉੱਚੇ ਉੱਠ ਚੁਕੇ ਸਨ। ਆਤਮ ਅਡੋਲਤਾ ਵਲ ਪ੍ਰਗਤੀਸ਼ੀਲ ਸਨ। ਆਤਮਕ ਅਡੋਲਤਾ ਵਾਲਾ ਨਿਮਰਤਾ ਵਿਚ ਰਹਿੰਦਾ ਹੈ ਤੇ ਆਪਣੀ ਹਸਤੀ ਨੂੰ ਮਿਟਾ ਕੇ ਤੂਹੀ ਤੂਹੀ ਦੇ ਗੀਤ ਗਾਉਂਦਾ ਹੈ। ਪਰ ਬੁੱਧੀਜੀਵੀ ਕਿਉਂਕਿ "ਹਉਂ" ਜਾਂ ਆਪਣੀ ਹਸਤੀ ਦੇ ਮਾਣ ਵਿਚ ਜੀਉਂਦਾ ਹੈ, ਇਸ ਲਈ ਉਹ ਸਦਾ "ਮੈਂ ਹੀ ਮੈਂ ਹੀ" ਦੇ ਗੀਤ ਗਾਉਂਦਾ ਹੈ। ਭਾਈ ਵੀਰ ਸਿੰਘ ਤੋਂ ਉਲਟ ਉਸਦੀ ਕਵਿਤਾ ਇਉਂ ਸ਼ੁਰੂ ਹੁੰਦੀ ਹੈ—

'ਮੇਰੀ ਪਰਗਟ ਹੋਣ ਦੀ ਚਾਹ, ਹਾਏ ਪੂਰੀ ਹੁੰਦੀ ਨਾ, ਮੈਂ ਤਰਲੇ ਲੈ ਰਿਹਾ।'

ਗੁਰਬਾਣੀ ਵਿਚ ਭਗਤੀ ਕਰਨ ਵਾਲੇ, ਅਨੇਕਾਂ ਗਿਆਨੀ, ਧਿਆਨੀ, ਮੋਨਧਾਰੀ, ਤਪਸੀ, ਜਿਨ੍ਹਾਂ ਨੂੰ ਅਜੇ ਹਰਿ-ਰਸ ਦੀ ਪ੍ਰਾਪਤੀ ਨਹੀਂ ਹੋਈ ਤੇ ਉਹ ਅਜੇ ਬੁਧੀਜੀਵੀ ਪੱਧਰ ਤੇ ਹੀ ਵਿਚਰਦੇ ਰਹੇ ਹਨ, ਉਹਨਾਂ ਬਾਰੇ ਇਉਂ ਲਿਖਿਆ ਹੈ—

ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥੭॥
(ਸਿਰੀ ਰਾਗੁ ਮ: ੫, ਪੰਨਾ ੭੧)

ਬੁੱਧੀ-ਜੀਵੀ ਦੀ ਕੇਵਲ ਇਕੋ ਮਾਨਸਿਕ ਭੁਖ ਹੈ, ਵਾਹ ਵਾਹ ਕਰਵਾਉਣੀ ਅਥਵਾ ਭਲੇ ਭਲੇ ਅਖਵਾਉਣਾ। ਜਿਤਨਾ ਚਿਰ ਉਸਦੀ ਵਾਹ ਵਾਹ ਦੀ ਭੁਖ ਨਹੀਂ ਮਰਦੀ, ਉਤਨਾ ਚਿਰ ਤਕ ਮਨੁਖ ਬੁੱਧੀਜੀਵੀਆਂ ਦੇ ਮੰਡਲ ਤੋਂ ਬਾਹਰ ਨਹੀਂ ਨਿਕਲਦਾ, ਚਾਹੇ ਉਹ ਕਿਤਨੇ ਸਾਧਨ ਪਿਆ ਸਾਧੇ। ਇਸ ਮੰਡਲ ਦਾ ਸਭ ਤੋਂ ਵਡਾ ਰੋਗ ਹਉਮੈ ਦਾ ਹੈ। ਹਉਮੈ ਨੂੰ ਹਰੇ ਹਰੇ ਪੱਠੇ ਪੈਂਦੇ ਰਹਿਣ ਤਾਂ ਬੁਧੀ-ਜੀਵੀ ਸਦਾ ਖੇੜੇ ਵਿਚ੍ਰ ਰਹਿੰਦਾ ਹੈ। ਇਸ ਬੌਧਿਕ ਮੰਡਲ ਤੋਂ ਨਿਕਲ ਕੇ ਮਨੁਖ ਨੇ ਆਤਮਕ ਮੰਡਲ ਤਕ ਦਾ ਪੈਂਡਾ ਤੈਅ ਕਰਨਾ ਹੈ। ਬੌਧਕ ਮੰਡਲ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਸਾਡਾ 'ਮਨ' ਕੇਵਲ ਬਾਹਰਮੁਖੀ ਗਿਆਨ ਦੇ ਸਹਾਰੇ ਚਲਦਾ ਹੈ, ਪਰ ਕੁਦਰਤ ਦੇ ਗੁਝੇ ਭੇਦਾਂ ਤੋਂ ਅਨਜਾਣ ਰਹਿੰਦਾ ਹੈ। ਦਵੈਤ ਦੀ ਰੰਗਣ ਵਿਚ ਰੰਗਿਆ ਸਾਡਾ ਮਨ ਖ਼ੁਦਗਰਜ਼, ਤ੍ਰਿਸ਼ਨਾਲੂ, ਲੜਾਕਾ, ਹੱਠੀ ਤੇ ਜ਼ਾਲਮ ਬਣਿਆ ਰਹਿੰਦਾ ਹੈ। ਇਸੇ ਕਰਕੇ ਅੱਜ ਸੰਸਾਰ ਵਿਚ ਲੜਾਈ, ਝਗੜਾ, ਈਰਖਾ, ਨਿੰਦਾ, ਜ਼ੁਲਮ ਆਦਿ ਬਣੇ ਹੋਏ ਹਨ।

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ


ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ, ਭਾਰਤੀ<br>ਕੂਚਾ ਦਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:)<br>੧੦੨, ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪ੍ਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੨-੩-੮੭ ਦਸਖਤ ਪਬਲਿਸ਼ਰ—ਸੇਵਾ ਸਿੰਘ


www.AKJ.Org

# ਸੱਚੀ ਸੂਰਬੀਰਤਾ ਨਾਮ-ਰੰਗਾਂ ਵਿਚ ਹੀ ਹੈ

ਸੱਚਾ ਸੁੱਚਾ ਬੀਰ-ਰਸ ਨਾਮ-ਰੰਗ ਤੋਂ ਬਿਨਾਂ ਉਪਜ ਹੀ ਨਹੀਂ ਸਕਦਾ। ਜਪੁਜੀ ਦੇ ਕਰਮ ਖੰਡ ਵਿਚ ਇਨ੍ਹਾਂ ਨਾਮ-ਰਸ ਵਿਚ ਮਖ਼ਮੂਰ ਹੋਏ ਸੂਰਬੀਰ ਜੋਧਿਆਂ ਦਾ ਜ਼ਿਕਰ ਇਉਂ ਆਉਂਦਾ ਹੈ–

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾ ਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ......॥੩੭॥

ਭਾਈ ਸਾਹਿਬ ਰਣਧੀਰ ਸਿੰਘ ਜੀ ਇਸ ਦੀ ਵਿਆਖਿਆ 'ਸਚਖੰਡ ਦਰਸ਼ਨ' ਪੁਸਤਕ ਵਿਚ ਇਹਨਾਂ ਸ਼ਬਦਾਂ ਵਿਚ ਕਰਦੇ ਹਨ–

"......ਕਰਮ ਖੰਡ ਨਦਰ ਬਖਸ਼ਸ਼ ਫ਼ਜ਼ਲ ਦਾ ਖੰਡ ਹੈ। ਤਿਥੈ ਤਿਨ੍ਹਾਂ ਬੇ-ਅੰਤ ਬਖ਼ਸ਼ੀਆਂ ਗਈਆਂ ਰੂਹਾਂ ਦਾ ਵਾਸਾ ਹੈ ਜੋ ਅਕਾਲ ਪੁਰਖ ਦੇ ਖ਼ਾਸ ਨਦਰ ਮਿਹਰ ਦੇ ਪਾਤਰ ਹੋਏ ਹਨ। ਇਹ ਨਦਰ ਮਿਹਰਾਂ ਨਾਲ ਨਿਹਾਲੋ ਨਿਹਾਲ ਹੋਏ ਕਰਮਵੰਤ, ਖ਼ਾਸੁਲ ਖ਼ਾਸ, ਮਨਜ਼ੂਰੇ ਨਜ਼ਰ ਮਹਾਂ ਪੁਰਖ ਸਰਬ-ਸ਼ਕਤੀਮਾਨ ਅਕਾਲ ਪੁਰਖ ਦੀ ਮਹਾ ਸ਼ਕਤੀ ਨਾਲ ਸਦਾ ਸਰਸ਼ਾਰ ਰਹਿੰਦੇ ਹਨ। ਮਹਾਂ ਤੇਜਵੰਤ, ਮਹਾਂ ਜੋਤਿਵੰਤ ਤਿਨ੍ਹਾਂ ਦੀ ਕ੍ਰਾਂਤ ਹੈ। ਸੋ ਕਰਮ ਖੰਡ ਵਿਖੇ ਨਿਰਾ ਜੋਤਿ-ਜਤੰਨਾ, ਜੋਤਿ ਰਤੰਨਾ, ਜੋਤਿ ਸ਼ਕਤੰਨਾ ਤੇਜੁ ਬਲੁ (ਜੋਰੁ) ਹੀ ਵਿਦਮਾਨ ਤੇ ਪ੍ਰਧਾਨ ਹੈ। ਤਿਥੇ (ਕਰਮ ਖੰਡ ਵਿਖੇ) ਸ਼ਬਦ ਅਨਹਦਾਣੇ ਨੈਸਾਣ ਬਲ ਤੇਜ ਬਿਨਾਂ ਹੋਰ ਕਿਸੇ ਚੀਜ਼ ਦੀ ਸਮਾਈ ਨਹੀਂ। ਤਿਥੈ ਜੋਧ ਮਹਾਂ ਬਲ ਸੂਰਿਆਂ, ਜੋਤਿ ਤੇਜ ਰੰਗ ਰਤੜੇ ਭਗਤ ਰਸਾਲਿਆਂ ਬਿਨਾਂ ਹੋਰ ਕਿਸੇ ਦਾ ਵਾਸਾ ਨਹੀਂ ਹੋ ਸਕਦਾ। ਤਿਨ੍ਹਾਂ ਜੋਧ ਮਹਾਂ ਬਲ ਸੂਰਿਆਂ ਅੰਦਰ ਸਰਬ-ਸ਼ਕਤੀਮਾਨ (Almighty) ਰਮਤ ਰਾਮ ਅਕਾਲ ਪੁਰਖ ਵਾਹਿਗੁਰੂ ਹੀ ਨੱਕਾ ਨੱਕ ਭਰਪੂਰ ਹੈ। ਜੋਤਿ-ਤੇਜ-ਸ਼ਕਤੰਨਾ ਹੋ ਕੇ ਸਰਬ ਸ਼ਕਤ ਸੰਪੰਨਾ ਹੋ ਕੇ ਭਰਪੂਰ ਹੈ। ਤਾਂ ਹੀ ਤੇ ਤਿਥੈ (ਕਰਮ ਖੰਡ) ਦੇ ਵਾਸੀ ਜੋਧ ਮਹਾਂ ਬਲ ਸੂਰ ਹਨ।"

ਨਾਮ ਤੋਂ ਥੋਥਾ ਬੀਰ ਰਸ ਨਿਰਾ ਅਹੰਕਾਰ ਦੀਆਂ ਪੰਡਾਂ ਬੰਨ੍ਹਣੀਆਂ ਹਨ। ਗੁਰੂ ਅਮਰਦਾਸ ਜੀ ਐਸੇ ਹੰਕਾਰੀ ਬਲੀ ਜੋਧਿਆਂ ਨੂੰ ਇਸ ਅਹੰਮਤੀ ਸੂਰਮਗਤੀ ਤੋਂ ਬਚਣ ਲਈ ਤਾੜਨਾ ਕਰਦੇ ਹਨ ਅਤੇ ਫੁਰਮਾਂਦੇ ਹਨ ਕਿ ਸਹੀ ਅਰਥਾਂ ਵਿਚ ਓਹੋ ਹੀ ਸੂਰਾ ਵਰਿਆਮ ਹੋ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ ਅਹੰਕਾਰ ਨੂੰ ਮਾਰ ਗਵਾਇਆ ਹੋਵੇ–

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥੧॥੧੧॥
ਸਿਰੀਰਾਗ ਕੀ ਵਾਰ, ਸਲੋਕ ਮ: ੩, ਪੰਨਾ ੮੬

ਅਹੰਕਾਰ ਭਰਿਆ ਬੀਰ ਰਸ ਕਿਸੇ ਦਾ ਕੁਝ ਸੁਆਰ ਨਹੀਂ ਸਕਦਾ, ਸਗੋਂ ਉਹ ਦੀਨਾਂ ਦੁਖੀਆਂ ਤੇ ਮਜ਼ਲੂਮਾਂ ਤੇ ਜ਼ੁਲਮ ਹੀ ਢਾਂਹਦਾ ਹੈ। ਇਹੋ ਹੰਕਾਰੀ ਬੀਰ-ਰਸ ਹੀ ਸੀ ਜਿਸ ਦੇ ਮਦ ਵਿਚ ਅਹਿਮਦਸ਼ਾਹ ਅਬਦਾਲੀ ਸਾਲਾਂ-ਬਧੀ ਭਾਰਤ ਦੀ ਸੰਪਤੀ ਤੇ ਇਜ਼ਤ-ਆਬਰੂ ਨੂੰ ਲੁਟਦਾ ਹੋਇਆ ਹਜ਼ਾਰਾਂ ਅਬਲਾਵਾਂ ਨੂੰ ਲੌਂਡੀਆਂ ਬਣਾ ਕੇ ਲਿਜਾਂਦਾ ਰਿਹਾ, ਪਰ ਦੂਜੇ ਪਾਸੇ ਨਾਮ-ਰੰਗ-ਰਤਾ ਸੰਤ-ਸਿਪਾਹੀ ਖਾਲਸਾ ਜੀ, ਉਹਨਾਂ ਦੁਖੀ ਅਬਲਾਵਾਂ ਨੂੰ ਜਰਵਾਣਿਆਂ ਦੀ ਸੋਧ ਕਰ ਕੇ ਛੁੜਾ ਲਿਆਂਦਾ ਰਿਹਾ ਅਤੇ ਉਹਨਾਂ ਨੂੰ ਆਪਣੇ ਘਰਾਂ ਵਿਚ ਪਹੁੰਚਾਣ ਦੀ ਪਰਉਪਕਾਰੀ ਕਾਰ ਕਮਾਂਦਾ ਰਿਹਾ।

ਸੋ, ਗੁਰਬਾਣੀ ਅੰਦਰ ਖਾਲਸਾ ਜੀ ਨੂੰ ਬੀਰ-ਰਸ ਦੇ ਨਾਲ ਨਾਲ ਹੀ ਨਾਮ-ਰੰਗ ਦੀਆਂ ਖੇਡਾਂ ਖੇਡਣ ਦੀ ਹਦਾਇਤ ਵੀ ਬਾਰੰ ਬਾਰ ਕੀਤੀ ਮਿਲਦੀ ਹੈ–

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥੧॥ (ਪੰਨਾ ੬੮੦)

ਭਾਈ ਸਾਹਿਬ ਰਣਧੀਰ ਸਿੰਘ ਜੀ ਇਸ ਗੁਰਵਾਕ ਦੀ ਵਿਆਖਿਆ ਕਰਦੇ ਹੋਏ 'ਸੱਚੀ ਸੂਰਮਤਾਈ' ਲੇਖ



www.AKJ.Org

ਵਿਚ ਲਿਖਦੇ ਹਨ–

''ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫ਼ੀਨੀਸ਼ਨ ਕਿਆ ਸੁੰਦਰ ਦਸੀ ਹੈ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ, ਦੇਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ,ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਬੇ-ਪਰਵਾਹ ਅਤੇ ਬੇ-ਮੁਹਤਾਜ ਹੋ ਕੇ ਜਗਤ-ਕਾਰ ਨੂੰ ਮਿਟਾ-ਮੁਟਾ ਕੇ, ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪਰੰਤੂ ਇਹ ਬੇ-ਪਰਵਾਹੀ ਅਤੇ ਬੇ-ਮੁਹਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਜਨ ਦੇ ਅੰਦਰ ਹੀ ਆ ਸਕਦੀ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਤਾਂ ਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ-ਘਰ ਦੇ ਰੰਗ-ਰਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ-ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰਤੜੇ ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ। ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖ਼ਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੈ ਹੀ ਸੱਚੇ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ-ਜੀਵਨ ਵਾਲੇ ਰੰਗ-ਰੱਤੜੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।'' [ਪੁਸਤਕ ''ਗੁਰਮਤਿ ਵਿਚਾਰ'' ਪੰਨਾ ੨੧੯-੨੦

'ਖਾਲਸਾ' ਨਾਮ-ਰੰਗ-ਰਤਾ 'ਸੰਤ' ਅਤੇ ਬੀਰ ਰਸ ਭਰਪੂਰ 'ਸਿਪਾਹੀ' ਹੁੰਦਾ ਹੈ, ਪਰ ਉਹ ਹਉਮੈ-ਅਹੰਕਾਰ ਨੂੰ ਆਪਣੇ ਨੇੜੇ ਫਟਕਣ ਨਹੀਂ ਦਿੰਦਾ, ਉਹ ਪਰਉਪਕਾਰ ਦੇ ਪੂਰਨੇ ਪਾਂਦਾ ਹੋਇਆ ਥਾਂ ਥਾਂ ਤੇ ਬਫਾਉਂਦਾ ਨਹੀਂ ਫਿਰਦਾ, ਸਗੋਂ ਨਿਰਮਾਣ ਰਹਿ ਕੇ ਕਿਸੇ ਨੂੰ ਆਪਣਾ ਆਪ ਜਣਾਉਂਦਾ ਤਕ ਨਹੀਂ, ਅਤੇ ਨਾ ਹੀ ਕਿਸੇ ਦਾ ਦਿਲ ਦੁਖਾਂਦਾ ਹੈ। ਪਰ ਜੇ ਕਿਤੇ ਕੋਈ ਮੁਸੀਬਤ-ਜ਼ਦਾ, ਜ਼ਾਲਮ-ਜਰਵਾਣਿਆਂ ਦੀ ਬੰਦੀ ਵਿਚ ਚਿਚਲਾ ਰਿਹਾ ਹੋਵੇ ਤਾਂ ਉਸ ਦਾ ਬੀਰ-ਰਸ ਅਕਾਸ਼ਾਂ ਨੂੰ ਚੀਰ ਜਾਣ ਦੀ ਸਮਰੱਥਾ ਰਖਦਾ ਹੈ।

ਅਜਿਹੀ ਅਰੂੜ ਬਿਵਸਥਾ ਦੇ ਪੰਧਾਊ, ਨਾਮ-ਚਲੂਲੇ ਰੰਗਾਂ ਵਿਚ ਵਿਚਰ ਰਹੇ ਭਾਈ ਸਰਵਣ ਸਿੰਘ ਜੀ ਫਲੇਵਾਲ ਦੀ ਇਕ ਘਟਨਾ ''ਰੰਗਲੇ ਸਜਣ'' ਪੁਸਤਕ ਵਿਚ ਇਉਂ ਅੰਕਿਤ ਹੈ–

**ਅੰਬਾਲੇ ਸਟੇਸ਼ਨ ਦਾ ਕੌਤਕ–**

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਜਥੇ ਸਮੇਤ ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲਾ ਛਾਉਣੀ ਨੂੰ ਸ੍ਰੀ ਬਾਬੂ ਮੱਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਸਾਂ।......ਅੰਬਾਲਾ ਸਟੇਸ਼ਨ ਤੇ ਪੁਜੇ ਤਾਂ ਉਥੇ ਹੋਰ ਬਹੁਤ ਸਾਰੇ ਸਜਣ ਤਾਂ ਹੋਰ ਰੁਝਣੀ ਰੁਝ ਗਏ। ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ ਅਤੇ ਇਕ ਐਸੀ ਜਗ੍ਹਾ ਉਨ੍ਹਾਂ ਦੀ ਖਲੋਤਿਆਂ ਦੀ ਸਮਾਧੀ ਲਗ ਗਈ ਜਿਥੇ ਕਿ ਰੇਲ-ਗੱਡੀ ਆਈ ਤੇ ਟਿਕਟ ਬਟਿਆ ਕਰਦੇ ਸਨ। ਜਦੋਂ ਉਹ ਖਲੋਤੇ ਸੀ, ਓਦੋਂ ਟਿਕਟ ਨਹੀਂ ਬਟਦੇ ਸੀ, ਓਥੇ ਕੋਈ ਆਦਮੀ ਵੀ ਨਹੀਂ ਸੀ। ਅਸੀਂ ਜ਼ਰਾ ਕੁ ਦੂਰੇੜੇ ਛਾਉਣੀ ਨੂੰ ਪੈਦਲ ਜਾਣ ਲਈ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗੱਡੀ ਕਿਸੇ ਪਾਸਿਓਂ ਆ ਗਈ, ਅਤੇ ਟਿਕਟ ਬਟਣ ਲਗ ਪਏ। ਟਿਕਟ ਬਟਣ ਵਾਲੀ ਤਾਕੀ ਦੇ ਪਾਸ ਖਾਸਾ ਇਕੱਠ ਹੋ ਗਿਆ, ਟਿਕਟ ਖ਼ਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ ਕੱਟਾ ਸਿਪਾਹੀ ਆਪਣੀ ਡਿਊਟੀ ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਹੈ ਕੌਣ ਗਿਆ ਹੈ, ਉਹ



www.AKJ.Org

ਸਮਾਧ ਸਥਿਤ ਹੀ ਇਕੋ ਜਗ੍ਹਾ ਟਿਕੇ ਖਲੋਤੇ ਰਹੇ। ਪੁਲਸ ਸਿਪਾਹੀ ਨੇ ਬੁੱਤ ਵਾਂਗ ਅਹਿੱਲ ਖੜੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆ ਅਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਬੜੇ ਜ਼ੋਰ ਨਾਲ ਵੱਟ ਕੇ ਚਪੇੜ ਮਾਰੀ, ਭਾਈ ਜੀ ਦੇ ਮੁਖਾਰਬਿੰਦ ਤੇ। ਭਾਈ ਸਰਵਣ ਸਿੰਘ ਜੀ ਦੀ ਜਦ ਅੱਖ ਉਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ–''ਤੈਨੂੰ ਪਤਾ ਨਹੀਂ ਕਿ ਇਥੇ ਟਿਕਟ ਬਟਦੇ ਹਨ ? ਤੈਨੂੰ ਕਈ ਵਾਰ ਬੁਲਾਇਆ ਅਤੇ ਕਿਹਾ ਹੈ ਕਿ ਏਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈ, ਜੇ ਪਹਿਲੇ ਹੀ ਹੋ ਜਾਂਦਾ ?' ਦੇਖੋ ਅਗੇ ਕੀ ਕੌਤਕ ਵਰਤਦਾ ਹੈ।

ਭਾਈ ਸਰਵਣ ਸਿੰਘ ਜੀ ਨੂੰ ਇਸ ਚਪੇੜ ਮਾਰੀ ਦਾ ਰੰਚਕ ਭੀ ਰੋਸ-ਗੁੱਸਾ ਨਹੀਂ ਆਇਆ, ਉਲਟੇ ਉਸ ਸਿਪਾਹੀ ਦੇ ਧਰੰਮ ਦੇ ਕੇ ਪੈਰਾਂ ਤੇ ਡਿਗ ਪਏ ਅਤੇ ਆਖਿਆ–'ਭਾਈ ! ਮੈਥੋਂ ਭੁਲ ਹੋ ਗਈ ਹੈ।'......

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਝਲਾ ਉਠਿਆ, 'ਇਸ ਸਿਖ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਇਸ ਨੂੰ ਚਾਹੀਦਾ ਸੀ ਕਿ ਸਿਪਾਹੀ ਨੂੰ ਅਗੋਂ ਸੋਧਦਾ, ਪਰ ਇਹ ਕਮਜ਼ੋਰ ਸੀ, ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ।' ਅਸੀਂ ਆਖਿਆ, 'ਏਵੇਂ ਹੀ ਸਹੀ, ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ।' ਇਹ ਗੱਲ ਕਹਿ ਕੇ ਸਾਰਾ ਜਥਾ ਭਾਈ ਸਰਵਣ ਸਿੰਘ ਜੀ ਨੂੰ ਨਾਲ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ।

ਗੁਰੂ ਦੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਬਾਜ਼ਾਰ ਛਾਉਣੀ ਜਾਣਾ ਸੀ, ਉਹ ਭੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ। ਪਾਸ ਹੀ ਕੂਆਂ ਸੀ। ਓਥੇ ਹੀ ਪੰਜ-ਇਸ਼ਨਾਨਾ ਕਰ ਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਇਕ ਗੂੜ੍ਹੇ ਬ੍ਰਿਛਾਂ ਦੀ ਝਿੜੀ ਸੀ। ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ। ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ਼ ਪੁਕਾਰ ਕਰਨ ਦੀ ਅਵਾਜ਼ ਕੰਨੀ ਪਈ। ਭਾਈ ਜੀ ਉਸ ਆਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ਼-ਪੁਕਾਰਨੀ ਆਵਾਜ਼ ਸੁਣ ਕੇ ਉਹ ਝਟ ਹੀ ਓਥੇ ਪਹੁੰਚ ਗਏ, ਇਕੱਲੇ ਹੀ। ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁਣਨ ਵਾਲੀ) ਲੜਕੀ ਨੂੰ ਉਸ ਦੀ ਇੱਜ਼ਤ ਖ਼ਰਾਬ ਕਰਨ ਲਈ ਉਸ ਨੂੰ ਦਬਾਈ ਪਏ ਹਨ। ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚਹੁੰਆਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਹਨਾਂ ਚਹੁੰਆਂ ਸਿਪਾਹੀਆਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿਤੇ ਅਤੇ ਨਰੜ ਕੇ ਲਾਗੇ ਖੜੇ ਇਕ ਟਾਂਗੇ ਤੇ ਲਦ ਦਿਤੇ; ਜਿਸ ਟਾਂਗੇ ਤੇ ਉਹ ਆਏ ਸਨ। ਇਤਨੇ ਨੂੰ ਮੈਂ ਭੀ ਓਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ ਸਾਰਿਆਂ ਸਜਣਾਂ ਨੂੰ ਆਵਾਜ਼ਾਂ ਦੇ ਕੇ ਨਾਲ ਬੁਲਾ ਲਿਆ। ਉਹ ਮਹਾਸ਼ਾ ਗਣ ਵੀ ਨਾਲ ਹੀ ਆਇਆ। ਅਸੀਂ ਮਹਾਸ਼ਾ ਗਣ ਨੂੰ ਇਹ ਨਜ਼ਾਰਾ ਵਿਖਾਇਆ, ਕਿ ਦੇਖ ਸਵਾ ਲਖ ਸੂਰਮੇ ਦਾ ਇਹ ਕਰਤਵ। ਜਿਥੇ ਇਸ ਨੂੰ ਆਪਣੇ ਮੂੰਹ ਤੇ ਇਕ ਚਪੇੜ ਲਗੀ ਸੀ ਸਿਪਾਹੀ ਵਲੋਂ, ਉਥੇ ਤਾਂ ਸਹਿਨਸ਼ੀਲਤਾ ਦਾ ਉਹ ਧੁਰਵਾ ਬੰਨ੍ਹਿਆ ਜਿਸ ਨੂੰ ਦੇਖ ਕੇ ਇਕ ਈਸਾਈ ਅਸ਼ ਅਸ਼ ਕਰਦਾ ਸੀ। ਪਰ ਹੁਣ ਇਥੇ ਇਕ ਅਬਲਾ ਦੇ ਉਪਕਾਰ ਬਚਾਉ ਦੀ ਔਖੀ ਘੜੀ ਦੇਖ ਕੇ ਇਸ ਸਿਖ ਦੇ ਅੰਦਰ ਉਹ ਬਲ-ਬੀਰਤਾ ਸੰਧੂਰਤ ਹੋਈ ਕਿ ਇਕੱਲੇ ਨੇ ਹੀ ਇਨ੍ਹਾਂ ਚਹੁੰਆਂ ਹਟੇ ਕਟੇ ਗੋਰੇ ਸਿਪਾਹੀਆਂ ਨੂੰ ਮਾਰ ਕੁਟ ਕੇ ਟਾਂਗੇ ਤੇ ਨੂੜ ਛਡਿਆ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਰੰਗਲੇ ਸਜਣ' ਵਿਚੋਂ

ਉਪਰੋਕਤ ਵਾਰਤਾ ਇਸ ਵੀਹਵੀਂ ਸਦੀ ਦੀ ਹੀ ਘਟਨਾ ਹੈ, ਜਿਸ ਵਿਚ ਇਕੋ ਵਕਤ ਨਾਮ-ਰੰਗ ਅਤੇ ਬੀਰ-ਰਸ ਦੇ ਅਲੌਕਿਕ ਚਮਤਕਾਰ ਪਰਗਟ ਪਹਾਰੇ ਹਨ। ਇਹ ਹੈ ਖਾਲਸੇ ਨੂੰ ਬਖ਼ਸ਼ੀ ਗਈ ਹੋਲੇ ਮਹੱਲੇ ਦੀ ਸਪਿਰਿਟ।



www.AKJ.Org

# ਅਰਦਾਸੇ ਦੀ ਮਹੱਤਤਾ (ਅਕਾਲੀ ਫੂਲਾ ਸਿੰਘ ਜੀ)

(ਸ: ਅਤਰ ਸਿੰਘ ਜੀ 'ਨੀਰ', ੧੧੦, ਪੀਤਮਪੁਰਾ, ਦਿਲੀ ੩੪)

ਮੁਲਤਾਨ ਕਸ਼ਮੀਰ ਤੇ ਅਟਕ ਮਾਰੇ, ਖਾਲਸਾ ਰਾਜ ਦੇ ਹੋਏ ਪਸਾਰੇ।
ਕੰਬ ਗਈ ਮੁਗਲਾਂ ਦੀ ਢਾਣੀ, ਕਾਬਲ ਤੇ ਕੰਧਾਰ ਤੁਰਕਾਣੀ।
ਸੋਚਾਂ ਤੇ ਫ਼ਿਕਰਾਂ ਨੇ ਘੇਰੀ, ਖ਼ਾਲਸਿਆਂ ਦੀ ਚੜ੍ਹੀ ਹਨੇਰੀ।
ਘੋੜਿਆਂ ਦੀਆਂ ਗੂੰਜਣ ਟਾਪਾਂ, ਸਿੰਘ ਸਜੀਲਿਆਂ ਦੀਆਂ ਛਾਪਾਂ।
ਦਹਿਸ਼ਤ ਪਾਈ ਐਸੀ ਭਾਰੀ, ਚੈਨ ਰਿਹਾ ਨਾ ਰਾਤ ਦਿਹਾਰੀ।
ਇਸ ਲਈ ਆਪਣੇ ਕੋਲ ਬਹਾ ਕੇ, ਅੱਖਾਂ ਦੇ ਵਿਚ ਅੱਖਾਂ ਪਾ ਕੇ।
ਆਖੇ ਇਉਂ ਵਜ਼ੀਰਾਂ ਤਾਈਂ, ਅਫਗਾਨਾਂ ਦੇ ਰਾਜ ਦਾ ਸਾਈਂ।
ਵਾਂਗੂ ਪੋਹਲੀ ਤੇ ਕੰਡਿਆਰੀ, ਵਾਂਗੂ ਸ਼ੁਤਰ ਬੇ-ਮੁਹਾਰੀ।
ਵਧਦੇ ਆ ਰਹੇ ਆਪ-ਮੁਹਾਰੇ, ਹਰ ਪਾਸੇ ਰਣਜੀਤ ਨਗਾਰੇ।
ਇਹਨਾਂ ਨੂੰ ਕੋਈ ਰੋਕਣ ਵਾਲਾ, ਨਹੀਂ ਮਿਲਿਆ ਕੋਈ ਟੋਕਣ ਵਾਲਾ।
ਕਰ ਲਵੀਏ ਕੋਈ ਉਪਰਾਲਾ, ਚਲੀਏ ਹੁਣੇ ਹੀ ਐਸਾ ਚਾਲਾ।
ਸਦਾ ਲਈ ਪੈ ਜਾਵਣ ਰੋਕਾਂ, ਲਹਿ ਜਾਵਣ ਮਗਰੋਂ ਇਹ ਜੋਕਾਂ।
ਇਹ ਕਹਿ ਕੇ ਤੇ ਲਾਇਆ ਨਾਹਰਾ! ਤੁਰ ਪਿਆ ਲੈ ਕੇ ਲਸ਼ਕਰ ਭਾਰਾ।
ਪੰਜਾਹ ਹਜ਼ਾਰ ਤੋਂ ਉਤੇ ਨਫ਼ਰੀ, ਪਾਂਦੀ ਹੋਈ ਹਫਰਾ ਤਫਰੀ।
ਨੌਸ਼ਹਿਰੇ ਮੈਦਾਨ ਚਿ ਆਈ, ਜਿਵੇਂ ਹੋਵੇ ਮਕੜੀ ਛਾਈ।

ਦੂਜੇ ਪਾਸੇ ਸਿੰਘ ਸਰਦਾਰਾਂ, ਜੋੜ ਲਈਆਂ ਆ ਆਪਣੀਆਂ ਵਾਹਰਾਂ।
ਮਹਾਰਾਜਾ ਸੀ ਫੌਜ ਦਾ ਵਾਲੀ, ਫੂਲਾ ਸਿੰਘ ਸੀ ਨਾਲ ਅਕਾਲੀ।
ਅਠਾਰਾਂ ਸੌ ਬਤੀ ਸੰਨ ਗਹਿਰਾ, 13 ਮਾਰਚ ਰਾਤ ਦਾ ਪਹਿਰਾ।
ਮਹਾਰਾਜੇ ਵੀਚਾਰ ਵੀਚਾਰੀ, ਸਿੰਘ ਸਰਦਾਰਾਂ ਨਾਲ ਕਰਾਰੀ।
ਅਗਲੇ ਦਿਨ ਹੀ ਭਲਕ ਸਵੇਰੇ, ਦੁਸ਼ਮਨ ਨੂੰ ਪਾ ਲਵੋ ਘੇਰੇ।
ਮਾਰੋ ਕਰ ਕੇ ਹਲਾ ਭਾਰੀ, ਦੇਵੋ ਜੜ ਕੇ ਮਾਰ ਕਰਾਰੀ।
ਦੁਸ਼ਮਨ ਨਸੇ ਦੁੰਮ ਦਬਾ ਕੇ, ਨਸਦੇ ਨੂੰ ਭੰਨ ਸੁਟੋ ਰਾਹ ਚਿ।

ਇਹ ਸੋਚ ਕੇ ਅੰਮ੍ਰਿਤ ਵੇਲੇ, ਗੁਰੂ ਹਜ਼ੂਰੀ ਜੁੜੇ ਸੁਹੇਲੇ।
ਸਿੰਘ ਸਾਹਿਬ ਕੀਤਾ ਅਰਦਾਸਾ, ਨਾਲ ਸਿਦਕ ਪੂਰਨ ਭਰਵਾਸਾ।
ਗਲ ਚਿ ਪਾ ਕੇ ਪਲਾ ਆਖੇ, 'ਅਪੁਨੇ ਸੇਵਕ ਕੀ ਆਪੇ ਰਾਖੈ।'
ਸਿੰਘਾਂ ਵਿਚ ਉਤਸ਼ਾਹ ਕਰਾਰਾ, ਜੈਕਾਰੇ ਤੇ ਚਲੇ ਜੈਕਾਰਾ।

ਪਾਵਣ ਲਗਿਆਂ ਫੌਜਾਂ ਚਾਲੇ, ਸੂਹਿਆਂ ਦਿਤੀ ਖ਼ਬਰ ਵਿਚਾਲੇ।
ਕੁਮਕ ਪੁਜ ਗਈ ਦੁਸ਼ਮਨ ਤਾਈਂ, ਚਾਲੀ ਤੋਂ ਘਟ ਤੋਪਾਂ ਨਾਹੀਂ।
ਨਾਲੇ ਹੋਰ ਵੀ ਲਸ਼ਕਰ ਭਾਰੀ, ਉਤਰਿਆ ਆ ਕੇ ਨਾਲ ਤਿਆਰੀ।
ਤੱਦ ਮਹਾਰਾਜੇ ਸਾਹਿਬ ਠਾਣੀ, ਰੁਕ ਜਾਈਏ ਦੁਪਹਿਰੇ ਤਾਣੀ।



www.AKJ.Org

ਸਾਡੀਆਂ ਤੋਪਾਂ ਵਡੀਆਂ ਭਾਰੀ, ਆ ਰਹੀਆਂ ਨੇ ਮਨਜ਼ਲ ਮਾਰੀ।
ਪੁਜ ਜਾਣਗੀਆਂ ਹੁਣੇ ਦੁਪਹਿਰੇ, ਫੌਜ ਤਦ ਤਕ ਏਥੇ ਠਹਿਰੇ।

ਬੋਲੇ ਰਤਾ ਅਕਾਲੀ ਉਚੀ, ਕਿਧਰ ਗਈ ਏ ਤੇਰੀ ਰੁਚੀ?
ਕਲਗੀਧਰ ਦੇ ਬਾਂਕਿਆ ਸ਼ੇਰਾ, ਕਿਉਂ ਘਿਰਿਆ ਏ ਜਿਗਰਾ ਤੇਰਾ?
ਗੁਰੂ ਗਰੰਥ ਦੀ ਅਸਾਂ ਹਜ਼ੂਰੀ, ਸੋਧ ਅਰਦਾਸਾ ਲਈ ਮਨਜ਼ੂਰੀ।
ਹੁਣ ਅਸਾਂ ਨਹੀਂ ਪਿਛੇ ਹਟਣਾ, ਕਦਮ ਨਹੀਂ ਏ ਪਿਛੇ ਸਟਣਾ।
**ਜਿਤ ਦੇਇਗਾ ਕਲਗੀਆਂ ਵਾਲਾ, ਜਿਸ ਨੇ ਕੀਤਾ ਪੰਥ ਉਜਾਲਾ।**
**ਉਸੇ ਦੀ ਹੈ ਕਿਰਪਾ ਸਾਰੀ, ਉਸੇ ਸਾਡੀ ਪੱਤ ਸਵਾਰੀ।**
ਇਹ ਕਹਿ ਕੇ ਛਡਿਆ ਜੈਕਾਰਾ, ਤੁਰ ਪਿਆ ਲੈ ਕੇ ਜੱਥਾ ਸਾਰਾ।

ਬਾਬੇ ਫੂਲਾ ਸਿੰਘ ਅਕਾਲੀ, ਅਗੇ ਆਪ ਕਮਾਨ ਸੰਭਾਲੀ।
ਨਵਾਂ ਜੋਸ਼ ਤੇ ਚੇਹਰੇ ਲਾਲੀ, ਨੈਣਾਂ ਦੇ ਵਿਚ ਨੂਰ ਜਲਾਲੀ।
ਕਦਮਾਂ ਵਿਚ ਬਿਜਲੀ ਦਾ ਚਾਲਾ, ਭੜਕੇ ਸੀਨੇ ਵਿਚ ਜਵਾਲਾ।
ਮੂੰਹ ਅੰਦਰ 'ਵਾਹਿਗੁਰੂ' ਪਿਆਰਾ, ਹਥਾਂ ਵਿਚ ਲਿਸ਼ਕੇ ਦੋ-ਧਾਰਾ।
ਵੈਰੀ ਉਤੇ ਪੈ ਗਿਆ ਧਾ ਕੇ, ਇਕ ਇਕ ਟੰਗਿਆ ਨੇਜ਼ੇ ਚਾ ਕੇ।
ਹਰ ਪਾਸੇ ਤੇ ਪੈ ਗਿਆ ਰੌਲਾ, ਤੌਬਾ ਤੌਬਾ, ਮੌਲਾ ਮੌਲਾ।

ਇਹ ਵੇਖ ਮਹਾਰਾਜਾ ਹਿਲਿਆ, ਫੌਜ਼ ਲੈ ਵਿਚ ਸਿੰਘਾਂ ਮਿਲਿਆ।
ਉਚੀ ਜਾ ਕੇ ਫਤਿਹ ਗਜਾਈ, ਤੁਰਕਾਂ ਦੇ ਵਿਚ ਪਈ ਦੁਹਾਈ।
ਮਚੀ ਤਬਾਹੀ ਚੌਹੀਂ ਪਾਸੀਂ, ਖ਼ਾਨਾਂ ਦੇ ਗਲ ਪੈ ਗਈ ਫਾਂਸੀ।
ਭਜਣ ਨੂੰ ਥਾਂ ਨ ਲਭੇ, ਸਿੰਘਾਂ ਰੋਕੇ ਰਸਤੇ ਸਭੇ।
ਭੁਲ ਗਿਆ ਅੱਲਾ, ਭੁਲ ਗਿਆ ਐਲੀ, ਹਾਏ ਹਾਏ ਹਰ ਥਾਂ ਫੈਲੀ।
ਭੁਲ ਗਈ ਅੰਮਾ, ਭੁਲ ਗਿਆ ਬਾਵਾ, ਮੌਤ ਡਾਇਣ ਦਾ ਹਰ ਥਾਂ ਹਾਵਾ।
ਭੁਲੀਆਂ ਤੋਪਾਂ, ਭੁਲੇ ਬੋਤੇ; ਰਫ਼ਲਾਂ, ਹਾਥੀ, ਘੋੜੇ, ਖੋਤੇ।
ਜਿਧਰ ਜਾਵਣ ਦਿਸੇ ਅਕਾਲੀ, ਕਰੀ ਜਾਂਦਾ ਸੀ ਸਫ਼ਾਂ ਖ਼ਾਲੀ।

ਖ਼ਾਨ ਸਿੰਘਾਂ ਦੀ ਤਾਬ ਨ ਲਾ ਕੇ, ਨਠੇ ਪੈਰ ਸਿਰ ਤੇ ਚਾ ਕੇ।
ਪਰ ਨਸਦਿਆਂ ਦਾ ਬੇ-ਠਿਕਾਨਾ, ਅਕਾਲੀ ਜੀ ਤੇ ਪਿਆ ਨਿਸ਼ਾਨਾ।
ਕਰ ਗਿਆ ਜੋ ਘਾ ਬਥੇਰਾ, ਫੌਜਾਂ ਵਿਚ ਪੈ ਗਿਆ ਹਨੇਰਾ।
ਸਿੰਘ ਸਾਹਿਬ ਪਾ ਗਏ ਸ਼ਹੀਦੀ, ਜਿਤ ਹੋਈ ਪਰ ਖਾਲਸਾ ਜੀ ਕੀ।
ਗੂੰਜ ਉਠਿਆ ਰਣਜੀਤ ਨਗਾਰਾ, ਡਿਗ ਪਿਆ ਅਫ਼ਗਾਨੀ ਢਾਰਾ।

ਰੌਸ਼ਨ ਹੋਈ 'ਨੀਰ ਜੀ' ਕਰਨੀ, ਗੁਰੂ ਗਰੰਥ ਦੇ ਲਗ ਕੇ ਚਰਨੀ।
ਕੋਈ ਔਖੀ ਵਾਟ ਨਹੀਂ ਰਹਿੰਦੀ, ਕਿਸੇ ਕਿਸਮ ਦੀ ਘਾਟ ਨਹੀਂ ਰਹਿੰਦੀ।
ਮਹਾਰਾਜੇ ਤਾਂ ਗੱਲ ਉਚਾਰੀ, ਕਹਿੰਦਿਆਂ ਹੋ ਗਿਆ ਗਲਾ ਭਾਰੀ:
ਧੰਨ ਧੰਨ ਫੂਲਾ ਸਿੰਘ ਅਕਾਲੀ, ਅਮਰ ਜੋਤ ਜਿਸ ਜਗ ਤੇ ਬਾਲੀ।



www.AKJ.Org

# ਆਪਸੀ ਵਿਰੋਧ ਦਾ ਮੁਖ ਕਾਰਨ—ਪੰਜਾਬੀ-ਵਿਰੋਧੀ ਨੀਤੀ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਨੋਟ :—ਇਸ ਲੇਖ ਤੋਂ ਪਹਿਲਾਂ ਪੰਜ ਲੇਖ ਇਸ ਲੜੀ ਵਿਚ ਛਪ ਚੁਕੇ ਹਨ—

੧. ਸਿੱਖਾਂ ਦੀ ਮਾਰਸ਼ਲ ਸਪਿਰਿਟ ਅਤੇ ਕੁਰਬਾਨੀ ਦਾ ਜ਼ਜਬਾ।
੨. ਕਾਂਗਰਸ ਅਤੇ ਉਸ ਦੇ ਨੇਤਾਵਾਂ ਵਲੋਂ ਵਾਹਿਦੇ।
੩. ਸਿੱਖਾਂ ਪ੍ਰਤੀ ਹਿੰਦੂ-ਬ੍ਰਾਹਮਣ ਵਿਰੋਧੀ ਰੋਲ। ੪. ਵੇਖ ਕੇ ਅਣਡਿੱਠ ਕੀਤਾ।
੫. ਭਾਰਤ ਸਰਕਾਰ ਦੇ ਧਰਮ-ਨਿਰਪੇਖਤਾ ਦੇ ਦਾਅਵੇ।

ਹੁਣ ਇਸ ਲੇਖ ਵਿਚ ਆਪਸੀ ਵਿਰੋਧਤਾ ਦਾ ਮੁਖ ਕਾਰਨ ਪੜ੍ਹੋ ਜੀ। —ਸੰਪਾਦਕ

ਫਿਰ ਆਇਆ ਬੋਲੀ ਦੇ ਆਧਾਰ ਤੇ ਦੇਸ਼ ਦੇ ਸੂਬਿਆਂ ਦੀ ਵੰਡ ਦਾ ਸਵਾਲ। ਅਜਿਹਾ ਹੋਣ ਦੀ ਸੰਭਾਵਨਾ ਨੂੰ ਇਨ੍ਹਾਂ ਲੋਕਾਂ ਨੇ ਪਹਿਲੋਂ ਹੀ ਭਾਂਪ ਲਿਆ ਹੋਇਆ ਸੀ। ਇਹ ਜਾਣਦੇ ਸਨ ਕਿ ਸਿੱਖਾਂ ਦੀ ਮਾਤ ਭਾਸ਼ਾ ਪੰਜਾਬੀ ਹੈ, ਇਨ੍ਹਾਂ ਦੇ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ ਆਦਿ) ਵੀ ਪੰਜਾਬੀ ਵਿਚ ਹਨ, ਜਿਸ ਦੀ ਲਿਪੀ ਗੁਰਮੁਖੀ ਹੈ, ਜੋ ਕਿਸੇ ਭਾਸ਼ਾ ਦੀ ਲਿਪੀ ਨਹੀਂ। ਜੇ ਪੰਜਾਬੀ ਬੋਲੀ ਦਾ ਅਡਰਾ ਸੂਬਾ ਬਣ ਗਿਆ ਤਾਂ ਉਸ ਵਿਚ ਹਰ ਪੱਧਰ ਤੇ (ਸਕੂਲਾਂ ਕਾਲਜਾਂ ਵਿਚ ਅਤੇ ਸਰਕਾਰੇ ਦਰਬਾਰੇ) ਪੰਜਾਬੀ (ਗੁਰਮੁਖੀ ਅੱਖਰਾਂ ਵਿਚ) ਹੀ ਪੜ੍ਹਾਈ ਜਾਵੇਗੀ, ਜਿਸ ਨਾਲ ਸਿਖ ਧਰਮ ਦੀ ਉਨਤੀ ਹੋਣੀ ਵਧੇਰੇ ਸੰਭਵ ਹੋਵੇਗੀ। ਇਉਂ ਸੋਚਦੇ ਹੋਏ ਇਨ੍ਹਾਂ ਪੰਜਾਬੀ ਭਾਸ਼ਾ ਦਾ ਸੂਬਾ ਬਣਾਏ ਜਾਣ ਦੇ ਵਿਰੋਧ ਲਈ ਲੱਕ ਬੱਧਾ ਅਤੇ ਇਸ ਦੇ ਲਈ ਪਹਿਲੀ ਗੱਲ ਇਹ ਕੀਤੀ ਕਿ ਪੰਜਾਬ ਅੰਦਰ ਵਸਦਾ ਕੋਈ ਹਿੰਦੂ ਮਰਦੁਮ-ਸ਼ੁਮਾਰੀ ਸਮੇਂ, ਜੋ ੧੯੬੧ ਵਿਚ ਹੋਣੀ ਸੀ, ਆਪਣੀ ਭਾਸ਼ਾ ਪੰਜਾਬੀ ਨ ਦਰਸਾਏ, ਬਲਕਿ ਹਿੰਦੀ ਲਿਖਵਾਏ (ਭਾਵੇਂ ਘਰਾਂ ਵਿਚ ਅਤੇ ਨਿਤ ਦੇ ਵਿਹਾਰ ਕਾਰ ਵਿਚ ਉਹ ਪੰਜਾਬੀ ਹੀ ਬੋਲਦੇ ਸਨ)। ਜਦੋਂ ਪੰਜਾਬ (ਜਿਸ ਵਿਚ ਉਸ ਸਮੇਂ ਮੌਜੂਦਾ ਹਰਿਆਣੇ ਅਤੇ ਹਿਮਾਚਲ ਦੇ ਸਾਰੇ ਇਲਾਕੇ ਸ਼ਾਮਲ ਸਨ) ਦੇ ਸਾਰੇ ਹਿੰਦੂਆਂ ਨੇ ਆਪਣੀ ਭਾਸ਼ਾ ਹਿੰਦੀ ਲਿਖਵਾਈ ਤਾਂ ਪੰਜਾਬੀ ਬੋਲੀ ਲਿਖਵਾਉਣ ਵਾਲਿਆਂ (ਜੋ ਕੇਵਲ ਸਿਖ ਹੀ ਸਨ) ਦੀ ਗਿਣਤੀ ਏਨੀ ਥੋੜ੍ਹੀ ਰਹਿ ਗਈ ਕਿ ਪੰਜਾਬੀ ਦਾ ਵਖਰਾ ਸੂਬਾ ਬਣਾਉਣ ਦੀ ਬਜਾਏ ਪੰਜਾਬ ਨੂੰ ਦੋ-ਭਾਸ਼ੀ ਸੂਬਾ ਮੰਨ ਲਿਆ ਗਿਆ।

ਸਿਖਾਂ ਨੇ ਇਸ ਨੂੰ ਬਹੁਤ ਬੁਰਾ ਮਨਾਇਆ ਅਤੇ ਪੰਜਾਬੀ ਸੂਬਾ ਅੰਦੋਲਨ ਸ਼ੁਰੂ ਹੋ ਗਿਆ, ਜਿਸ ਅੰਦਰ ਹਜ਼ਾਰਾਂ ਸਿਖ ਜੇਲ੍ਹਾਂ ਅੰਦਰ ਸੁਟੇ ਗਏ ਅਤੇ ਕਿਤਨੀਆਂ ਹੀ ਜਾਨਾਂ ਗਈਆਂ। ਪੰਡਤ ਜਵਾਹਰ ਲਾਲ ਨਹਿਰੂ, ਜੋ ਤਦੋਂ ਪ੍ਰਧਾਨ ਮੰਤਰੀ ਸੀ ਅਤੇ ਜਿਸ ਨੇ ਦੇਸ਼ ਆਜ਼ਾਦ ਹੋਣ ਤਕ ਸਿੱਖਾਂ ਨੂੰ ਕਿਤਨੇ ਹੀ ਸਬਜ਼ ਬਾਗ ਵਿਖਾਏ ਸਨ, ਇਕ-ਦਮ ਸਿੱਖਾਂ ਦੇ ਇਸ ਅੰਦੋਲਨ ਦੇ ਵਿਰੋਧ ਵਿਚ ਉੱਤਰ ਆਇਆ ਅਤੇ ੨ ਅਕਤੂਬਰ ੧੯੬੨ ਨੂੰ ਇਥੋਂ ਤਕ ਕਹਿ ਦਿਤਾ ਕਿ ਉਹ ਦੇਸ਼ ਅੰਦਰ ਸਿਵਲ ਵਾਰ ਤਾਂ ਬਰਦਾਸ਼ਤ ਕਰ ਸਕਦਾ ਸੀ, ਪਰ ਪੰਜਾਬੀ ਸੂਬਾ ਨਹੀਂ। (ਵੇਖੋ ਅਖਬਾਰ Times London ਦੇ ਪਤਰਕਾਰ ਨਾਲ ਪੰਡਤ ਜੀ ਦਾ ਇੰਟਰਵੀਊ)। ਪੰਡਤ ਨਹਿਰੂ ਨੇ ਨਿਰਾ ਇਉਂ ਕਿਹਾ ਹੀ ਨਹੀਂ, ਬਲਕਿ ਸਿਰਕਢ ਸਿਖਾਂ ਨੂੰ ਐਸਾ ਚੋਗਾ ਪਾਇਆ, ਜਿਸ ਨੂੰ ਚੁਗਣ ਦੇ ਲਾਲਚ ਅੰਦਰ ਉਹ ਇਹ ਵੀ ਭੁੱਲ ਗਏ ਕਿ ਉਹ ਕਿੰਨੇ ਵਡੇ ਜਾਲ ਅੰਦਰ ਫਸਾਏ ਜਾ ਰਹੇ ਸਨ, ਜੋ ਸਾਰੀ ਕੌਮ ਨੂੰ ਹੀ ਅਣਟੁੱਟ ਬੇੜੀਆਂ ਪਾ ਦੇਵੇਗਾ। ਸ: ਹੁਕਮ ਸਿੰਘ ਨੂੰ ਡਿਪਟੀ ਸਪੀਕਰ, ਸ: ਉਜਲ ਸਿੰਘ ਨੂੰ ਗਵਰਨਰ ਆਦਿ ਲਗਾ ਦਿਤਾ ਅਤੇ ਸ: ਹੁਕਮ ਸਿੰਘ, ਜਿਸ ਨੇ 'Sikhs reject this constitution' (ਸਿਖ ਇਸ ਵਿਧਾਨ ਨੂੰ ਨਾ-ਮਨਜ਼ੂਰ ਕਰਦੇ ਹਨ) ਕਹਿ ਕੇ ਇਸ ਤੇ ਦਸਖ਼ਤ ਕਰਨੋਂ ਇਨਕਾਰ ਕੀਤਾ ਸੀ, ਉਸੇ ਕਾਨਸਟੀਚੂਸ਼ਨ ਦੇ ਵਫ਼ਾਦਾਰ ਰਹਿਣ ਦੀ ਸਹੁੰ ਖਾ ਕੇ ਡਿਪਟੀ ਸਪੀਕਰ ਦੀ ਕੁਰਸੀ ਤੇ ਜਾ ਬੈਠਾ। ਅਜਿਹੇ ਚੋਗੇ ਸਰਕਾਰਾਂ ਸਦਾ ਹੀ ਪਾਉਂਦੀਆਂ ਰਹਿੰਦੀਆਂ



www.AKJ.Org

ਹਨ ਅਤੇ ਕੁਰਸੀ ਦੇ ਭੁਖੇ 'ਮੱਛਲੀ ਜਾਲ੍ਹ ਨ ਜਾਣਿਆ' ਵਾਂਗ ਇਸ ਅੰਦਰ ਫਸਦੇ ਰਹਿੰਦੇ ਹਨ।

ਜੁਲਾਈ ੧੯੮੩ ਵਿਚ ਪਰਦੇਸੀਂ ਵਸਦੇ ਦੋ ਹਿੰਦੂ ਵਿਦਵਾਨਾਂ (ਕੇ. ਟੀ. ਲਾਲਵਾਨੀ ਪੀ-ਐਚ. ਡੀ. ਪ੍ਰੈਜ਼ੀਡੈਂਟ ਇੰਡੀਅਨ ਮਰਚੈਂਟ ਐਸੋਸੀਏਸ਼ਨ ਯੂ. ਕੇ. ਅਤੇ ਐਸ. ਰਘੂਨਾਥ ਆਇੰਗਰ ਵਾਈਸ ਪ੍ਰੈਜ਼ੀਡੈਂਟ ਇੰਡੀਅਨ ਮਰਚੈਂਟ ਐਸੋਸੀਏਸ਼ਨ ਨਾਈਜੇਰੀਆ, ਜੋ ਪੰਜਾਬ ਅੰਦਰ ਪੈ ਚੁਕੇ ਹਿੰਦੂ ਸਿਖ ਪਾੜੇ ਦੀ ਜਾਂਚ ਕਰਨ ਲਈ ਭਾਰਤ ਆਏ ਸਨ, ਨੇ ਇਕ ਟਰੈਕਟ "Independent Study of Hindu-Sikh Conflict in Punjab" ਪ੍ਰਕਾਸ਼ਤ ਕੀਤਾ ਸੀ, ਜਿਸ ਵਿਚ ਦਰਜ ਸੀ :–

"ਇਹ ਗੱਲ ਜਾਣ ਲੈਣ ਵਿਚ ਸਾਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ ਕਿ ਮੌਜੂਦਾ ਹਿੰਦੂ ਸਿੱਖ ਝਗੜੇ ਦੀਆਂ ਜੜ੍ਹਾਂ, ਕੇਵਲ ਤੀਹ ਕੁ ਸਾਲ ਹੋਏ, ਉਦੋਂ ਪੁੰਗਰੀਆਂ ਜਦੋਂ ਇਸ ਸੂਬੇ (ਪੰਜਾਬ) ਅੰਦਰ ਇਕ ਵੀ ਹਿੰਦੀ ਦਾ ਰੋਜ਼ਾਨਾ ਅਖ਼ਬਾਰ ਨਹੀਂ ਅਤੇ ਜਦੋਂ ਅਚਾਨਚਕ ਆਰੀਆ ਸਮਾਜ ਅਤੇ ਸਥਾਨਕ ਆਰ. ਐਸ. ਐਸ. (ਸੁਇਮ ਰਾਸ਼ਟਰ ਸੰਘ) ਦੇ ਪ੍ਰਭਾਵ ਅਧੀਨ ਪੰਜਾਬੀ ਹਿੰਦੂਆਂ ਨੇ ਆਪਣੀ ਭਾਸ਼ਾ ਹਿੰਦੀ ਹੋਣ ਦਾ ਦਾਹਵਾ ਕੀਤਾ......ਅਤੇ ਬਾਵਜੂਦ ਇਸ ਗੱਲ ਦੇ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਹਿੰਦੀ ਦੀ ਉੱਕੀ ਹੀ ਜਾਣ ਪਛਾਣ ਨਹੀਂ ਸੀ, ਹਿੰਦੂਆਂ ਨੇ ਆਪਣੀ ਨਵੀਂ ਭਾਸ਼ਾ ਹਿੰਦੀ ਦਰਜ ਕਰਾ ਕੇ ਆਪਣੇ ਆਪ ਨੂੰ ਸਿਖਾਂ ਤੋਂ ਵਖਰਾ ਕਰ ਲਿਆ। ਇਸ ਤਰ੍ਹਾਂ ਪੈਦਾ ਹੋਏ ਮੰਦਭਾਗੀ ਹਾਲਾਤ ਤੋਂ ਸ਼ੁਰੂ ਹੋਇਆ ਸੀ ਦੋਹਾਂ ਕੌਮਾਂ (ਹਿੰਦੂ ਸਿਖਾਂ) ਦਾ ਆਪਸੀ ਵਿਰੋਧ।"

ਹੋਰ ਉਹ ਲਿਖਦੇ ਹਨ, "ਡਾਕਟਰ ਜੀ. ਪੀ. ਮਨਸੁਖਾਨੀ ਨੇ ਇਸ ਬਾਰੇ ਸਾਨੂੰ ਦਸਿਆ ਸੀ :

ਜੇ ਤੁਸੀਂ ਕਿਸੇ ਐਸੇ ਰੀਪੋਰਟਰ ਜਾਂ ਐਡੀਟਰ, ਜਿਸ ਨੇ ਕੋਈ ਵਿਸ਼ੇਸ਼ ਸਿਖ-ਵਿਰੋਧੀ ਰੀਪੋਰਟ ਪ੍ਰਕਾਸ਼ਤ ਕੀਤੀ ਹੋਵੇ, ਦਾ ਪਿਛੋਕੜ ਜਾਨਣਾ ਚਾਹੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਹ ਕੋਈ ਆਰੀਆ ਸਮਾਜੀ ਜਾਂ ਪੰਜਾਬ ਹਰਿਆਣੇ ਦੇ ਆਰ. ਐਸ. ਐਸ. ਦਾ ਮੈਂਬਰ ਹੀ ਸੀ।"

ਇਹਨਾਂ ਪ੍ਰਦੇਸੀਂ ਵਸਦੇ ਹਿੰਦੂ ਵਿਦਵਾਨਾਂ ਵਲੋਂ ਪ੍ਰਕਾਸ਼ਤ ਹੋਏ ਟਰੈਕਟ ਵਿਚ ਦਰਜ ਹੈ–

"ਮੈਨੂੰ ਯਕੀਨ ਹੈ ਕਿ ਕਿਤਨੇ ਹੀ ਆਰੀਆ ਸਮਾਜੀਆਂ ਨੇ ਹਿੰਦੂਪੁਣੇ ਦੇ ਲਿਬਾਸ ਵਿਚ ਆਪਣੇ ਨਿਜੀ ਪੱਤਰਾਂ ਤੇ ਬਿਆਨਾਂ ਰਾਹੀਂ ਹਿੰਦੂ ਵਿਚਾਰਾਂ ਨੂੰ ਪ੍ਰਭਾਵਤ ਕੀਤਾ ਹੋਵੇਗਾ, ਬਲਕਿ ਸਿਵਲ ਸਰਵਿਸਿਜ਼ ਅੰਦਰ ਅਹੁਦੇ ਅਤੇ ਹੁਕਮਰਾਨ ਪਾਰਟੀ ਵਿਚ ਪ੍ਰਭਾਵਸ਼ਾਲੀ ਪੋਜ਼ੀਸ਼ਨਾਂ ਰਖਦੇ ਹੋਣ ਕਰਕੇ ਸਰਕਾਰ ਦੀਆਂ ਸੋਚਣੀਆਂ ਅਤੇ ਫ਼ੈਸਲਿਆਂ ਤੇ ਆਪਣੇ ਵਿਚਾਰਾਂ ਦੀ ਛਾਪ ਜ਼ਰੂਰ ਲਾਈ ਹੋਵੇਗੀ।"

ਪੰਡਤ ਨਹਿਰੂ ਦੇ ਬਾਅਦ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਪੰਜਾਬੀ ਸੂਬੇ ਸੰਬੰਧੀ ਸਰਕਾਰ ਦੀ ਨੀਤੀ ਵਿਚ ਕੋਈ ਫ਼ਰਕ ਨਹੀਂ ਆਇਆ। ਲੋਕ ਸਭਾ ਵਲੋਂ ਪੰਜਾਬੀ ਸੂਬੇ ਦੇ ਸੰਬੰਧ ਵਿਚ ਰੀਪੋਰਟ ਕਰਨ ਲਈ ਇਕ ਪਾਰਲੀਮੈਂਟਰੀ ਕਮੇਟੀ ਨੀਯਤ ਹੋਈ, ਜਿਸ ਦਾ ਪ੍ਰਧਾਨ ਸ: ਹੁਕਮ ਸਿੰਘ ਸਪੀਕਰ ਨੂੰ ਮੁਕੱਰਰ ਕੀਤਾ ਗਿਆ। ਇਸ ਪ੍ਰਥਾਏ ਸ੍ਰੀਮਤੀ ਇੰਦਰਾ ਗਾਂਧੀ ਆਪਣੀ ਪੁਸਤਕ "My Truth" ਦੇ ਸਫ਼ਾ ੧੭ ਤੇ ਲਿਖਦੀ ਹੈ :

**"ਸਾਡੀ ਬਦਕਿਸਮਤੀ ਇਹ ਸੀ ਕਿ ਮਿਸਟਰ ਸ਼ਾਸਤਰੀ ਨੇ ਲੋਕ ਸਭਾ ਦੇ ਸਪੀਕਰ ਸ: ਹੁਕਮ ਸਿੰਘ, ਜੋ ਜ਼ਾਤੀ ਤੌਰ ਤੇ ਪੰਜਾਬੀ ਸੂਬੇ ਦੇ ਹੱਕ ਵਿਚ ਸੀ, ਨੂੰ ਪੰਜਾਬੀ ਸੂਬੇ ਬਾਰੇ ਵਿਚਾਰ ਕਰਨ ਹਿਤ ਬਣੀ ਪਾਰਲੀਮੈਂਟਰੀ ਕਮੇਟੀ ਦਾ ਪ੍ਰਧਾਨ ਥਾਪ ਦਿਤਾ ਸੀ।......ਮੈਂ ਸ੍ਰੀ ਚਵਾਨ ਕੋਲ ਗਈ ਤੇ ਉਸ ਨੂੰ ਦਸਿਆ ਕਿ ਮੈਂ ਸੁਣਿਆ ਹੈ ਕਿ ਸ: ਹੁਕਮ ਸਿੰਘ ਪੰਜਾਬੀ ਸੂਬੇ ਦੇ ਹੱਕ ਵਿਚ ਰੀਪੋਰਟ ਦੇਣਾ ਚਾਹੁੰਦਾ ਹੈ। ਉਸ ਨੂੰ ਇਸ ਤੋਂ ਰੋਕਣਾ ਚਾਹੀਦਾ ਹੈ।......ਜੇ ਇਕ ਵਾਰ ਵੀ ਪ੍ਰਧਾਨ ਮੰਤਰੀ ਵਲੋਂ ਨਿਯੁਕਤ ਆਦਮੀ ਨੇ ਫ਼ੈਸਲਾ ਪੰਜਾਬੀ ਸੂਬੇ ਦੇ ਹੱਕ ਵਿਚ ਦੇ ਦਿਤਾ, ਤਾਂ ਇਸ ਤੋਂ ਅਸੀਂ ਫਿਰ ਪਿਛੇ ਕਿਵੇਂ ਹਟ ਸਕਾਂਗੇ ?... ਮੈਂ ਬਹੁਤ ਘਬਰਾਈ ਹੋਈ ਸਾਂ ਅਤੇ ਮੈਂ ਇਸ ਦੇ ਲਈ ਹਰ ਕਿਸੇ ਪਾਸ ਦੌੜੀ ਫਿਰੀ, ਇਹ ਯਕੀਨੀ ਗੱਲ ਸੀ ਕਿ ਇਕ ਵਾਰ ਰੀਪੋਰਟ ਨਿਕਲ ਗਈ ਤਾਂ ਇਸ ਨੂੰ ਬਦਲਣਾ ਸੰਭਵ ਨਹੀਂ ਹੋਵੇਗਾ।"**

ਸ੍ਰੀ ਸ਼ਾਸਤਰੀ, ਸ੍ਰੀਮਤੀ ਗਾਂਧੀ ਅਤੇ ਸ੍ਰੀ ਗੁਲਜ਼ਾਰੀ ਲਾਲ ਨੰਦਾ ਨੇ ਸ: ਹੁਕਮ ਸਿੰਘ ਨੂੰ ਹਰ ਚੰਦ ਰੋਕਣ



www.AKJ.Org

ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਨੂੰ ਇਸ ਵਿਚ ਸਫਲਤਾ ਨ ਹੋਈ। ਇਸ ਤੇ ਕਾਂਗਰਸ ਨੇ ਪਹਿਲ ਕਰਦੇ ਹੋਏ ਪਾਰਲੀਮੈਂਟਰੀ ਕਮੇਟੀ ਦੀ ਰੀਪੋਰਟ ਉਡੀਕੇ ਬਿਨਾਂ ਹੀ ਮਾਰਚ ਦੀ ਨੌਂ ਤਾਰੀਖ ਵਿਚ ਇਕ ਗੋਲ ਮੋਲ ਜਿਹਾ ਮਤਾ ਪਾ ਕੇ ਪੰਜਾਬ ਦੀ ਨਵੀਂ ਹਦਬੰਦੀ ਕਰ ਦੇਣ ਦਾ ਫ਼ੈਸਲਾ ਲੈ ਲਿਆ, ਹਾਲਾਂ ਕਿ ਕਮੇਟੀ ਦੀ ਰੀਪੋਰਟ ਤੇ ਇਕ ਹਫਤਾ ਪਿਛੋਂ, ਅਥਵਾ, ੧੫ ਮਾਰਚ ੧੯੬੬ ਨੂੰ ਦਸਖ਼ਤ ਹੋਏ।

ਸਰਕਾਰ ਪੰਜਾਬੀ ਸੂਬੇ ਦੇ ਖ਼ਿਲਾਫ਼ ਰੀਪੋਰਟ ਲੈਣ ਲਈ ਏਨੀ ਉਤਸਕ ਕਿਉਂ ਸੀ, ਸ੍ਰੀਮਤੀ ਗਾਂਧੀ ਦੇ 'My Truth' ਦੇ ਸਫ਼ਾ ੧੧੭ ਤੇ ਲਿਖੇ ਆਪਣੇ ਸ਼ਬਦਾਂ ਤੋਂ ਸਪਸ਼ਟ ਹੋ ਜਾਂਦਾ ਹੈ। ਉਹ ਸ਼ਬਦ ਇਹ ਹਨ :

"ਕਾਂਗਰਸ ਆਪਣੇ ਆਪ ਵਿਚ ਬਹੁਤ ਕੁਥਾਏਂ ਫਸੀ ਮਹਿਸੂਸ ਕਰਦੀ ਸੀ, ਕਿਉਂਕਿ ਕਾਂਗਰਸ ਲਈ ਅਕਾਲੀਆਂ ਦੀ ਪੰਜਾਬੀ ਸੂਬਾ ਬਣਾਉਣ ਦੀ ਮੰਗ ਨੂੰ ਮੰਨ ਲੈਣ ਦਾ ਮਤਲਬ ਆਪਣੀ ਉਸ ਸਥਿਤੀ (ਪੋਜ਼ੀਸ਼ਨ) ਦਾ ਤਿਆਗਣਾ ਅਥਵਾ ਉਸ ਤੋਂ ਮੁਕਰਨਾ ਸੀ, ਜਿਸ ਵਾਸਤੇ ਉਹ ਪੱਕੇ ਤੌਰ ਤੇ ਬਚਨ ਦੇ ਚੁਕੀ ਹੋਈ ਸੀ ਅਤੇ ਜਿਸ ਤੋਂ ਫਿਰਨ ਨਾਲ ਉਹ ਪੰਜਾਬ ਦੇ ਹਿੰਦੂ ਸਹਾਇਕਾਂ (ਵੋਟਰਾਂ) ਦੀ ਹੇਠੀ ਕਰਦੀ (ਤਥਾ ਵੋਟ ਗਵਾਉਂਦੀ) ਸੀ। ਏਥੇ ਇਸ ਗੱਲ ਦਾ ਤਾਂ ਵਿਚਾਰ ਹੀ ਨਹੀਂ ਸੀ ਕਿ ਇਉਂ ਕਰਨਾ ਜਾਇਜ਼ ਸੀ ਜਾਂ ਨਾਜਾਇਜ਼, ਕਿਉਂਕਿ ਕਾਂਗਰਸ ਦੀ ਜੋ ਪਾਲਿਸੀ ਜਵਾਹਰ ਲਾਲ, ਵਲਭ ਭਾਈ (ਪਟੇਲ) ਅਤੇ ਸੀਤਾ ਭਾਈ ਰਾਮਈਆ ਨੇ ਸੰਨ ੧੯੪੯ ਵਿਚ ਉਲੀਕੀ ਸੀ, ਉਹ ਇਹ ਸੀ ਕਿ ਭਾਵੇਂ ਕੁਝ ਭੀ ਹੋਵੇ, ਜਾਇਜ਼ ਜਾਂ ਨਾਜਾਇਜ਼, ਭਾਰਤ ਦੇ ਉਤਰੀ ਭਾਗ ਵਿਚ ਸੂਬਾ-ਬੰਦੀ ਨਵੇਂ ਸਿਰਿਉਂ ਨਹੀਂ ਕੀਤੀ ਜਾਵੇਗੀ।" (ਜੇ. ਵੀ. ਪੀ. ਰੀਪੋਰਟ ਮਿਤੀ ੧-੪-੪੯)

ਪਰ ਇਸ ਸਾਰੇ ਕੁਛ ਦੇ ਬਾਵਜੂਦ ਜਦੋਂ ਕਾਂਗ੍ਰਸ ਮਜਬੂਰ ਹੋ ਗਈ ਅਤੇ ੯ ਮਾਰਚ ਨੂੰ ਉਸ ਨੂੰ ਪੰਜਾਬ ਦੀ ਹੱਦਬੰਦੀ ਨਵੇਂ ਸਿਰਿਉਂ ਕਰਨ ਦਾ ਮਤਾ ਪਾਸ ਕਰਨਾ ਹੀ ਪਿਆ, ਤਾਂ ਪੰਜਾਬ ਦਾ ਹਿੰਦੂ ਤੜਪ ਉਠਿਆ ਅਤੇ ਉਸ ਸਮੇਂ ਦੇ ਹੋਮ ਮਨਿਸਟਰ ਗੁਲਜ਼ਾਰੀ ਲਾਲ ਨੰਦਾ (ਜੋ ਪੰਜਾਬੀ ਹੀ ਸੀ) ਦੇ ਗਲ ਪਿਆ ਤਾਂ ਨੰਦੇ ਨੇ ਉਨ੍ਹਾਂ ਨੂੰ ਧੀਰਜ ਦੇਂਦੇ ਹੋਏ ਕਿਹਾ, "ਤੁਸੀਂ ਫਿਕਰ ਨ ਕਰੋ, **ਮੈਂ ਪੰਜਾਬੀ ਸੂਬਾ ਐਸਾ ਬਣਾਵਾਂਗਾ ਜਿਸ ਤੇ ਸਿਖ ਹਮੇਸ਼ਾ ਰੋਂਦੇ ਰਹਿਣਗੇ।**"

ਚੁਨਾਂਚਿ ਪੰਜਾਬ ਦੀ ਨਵੀਂ ਹਦਬੰਦੀ ਕਰਨ ਲਈ ਇਸ ਦਾ ਆਧਾਰ ੧੯੬੧ ਦੀ ਮਰਦਮ ਸ਼ੁਮਾਰੀ, ਜਿਸ ਵਿਚ ਪੰਜਾਬ ਵਾਸੀ ਸਾਰੇ ਹਿੰਦੂਆਂ ਨੇ ਆਪਣੀ ਭਾਸ਼ਾ ਹਿੰਦੀ ਦਰਜ ਕਰਾਈ ਸੀ, ਬਣਾ ਕੇ ਹਿੰਦੀ ਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਵੰਡ ਕੀਤੀ ਗਈ ਅਤੇ ਇਸ ਵੰਡ ਲਈ ਸੁਪ੍ਰੀਮ ਕੋਰਟ ਦੇ ਇਕ ਜੱਜ ਅਧੀਨ ਕਮਿਸ਼ਨ ਸਥਾਪਤ ਕੀਤਾ ਗਿਆ, ਜੋ 'ਸ਼ਾਹ ਕਮਿਸ਼ਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਬਜਾਏ ਇਹ ਨਿਖੇੜਾ ਪਿੰਡ-ਵਾਰ ਕਰਨ ਦੇ, ਤਸੀਲ ਨੂੰ ਇਕਾਈ ਮੰਨ ਕੇ, ਜਿਸ ਤਸੀਲ ਵਿਚ ਹਿੰਦੀ ਭਾਸ਼ਾ ਵਾਲੇ ਪਿੰਡਾਂ ਦੀ ਗਿਣਤੀ ਪੰਜਾਬੀ ਦੇ ਮੁਕਾਬਲੇ ਵਧੇਰੇ ਸੀ, ਸਾਰੀ ਤਸੀਲ ਨੂੰ ਹੀ ਹਿੰਦੀ ਭਾਸ਼ਾ ਦਾ ਏਰੀਆ ਕਰਾਰ ਦਿਤਾ ਗਿਆ, ਜਿਸ ਨਾਲ ਸੈਂਕੜੇ ਪੰਜਾਬੀ ਸਿਖਾਂ ਦੇ ਪਿੰਡ ਹਿੰਦੀ ਏਰੀਏ ਵਿਚ ਚਲੇ ਗਏ ਅਤੇ ਅਜਿਹੀ ਕੀਤੀ ਹਦਬੰਦੀ ਵਿਚੋਂ ਦੋ ਨਵੇਂ ਹਿੰਦੀ ਸੂਬੇ ਹਰਿਆਣਾ ਅਤੇ ਹਿਮਾਚਲ, ਜਿਨ੍ਹਾਂ ਵਿਚ ਅਨੇਕਾਂ ਪੰਜਾਬੀ ਭਾਸ਼ਾ ਵਾਲੇ ਸਿਖ ਪਿੰਡ ਸਨ, ਕਾਇਮ ਕਰ ਲਏ ਗਏ।

ਪੰਜਾਬ ਦੇ ਕੇਵਲ ਛੇ ਜ਼ਿਲਿਆਂ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਫ਼ੀਰੋਜ਼ਪੁਰ ਦੇ ਪੰਜਾਬੀ ਸੂਬੇ ਵਿਚ ਦੇਸੀ ਰਿਆਸਤਾਂ (ਪੈਪਸੂ) ਸ਼ਾਮਲ ਕਰ ਕੇ ਇਸ ਨੂੰ ਪੰਜਾਬੀ ਸੂਬੇ ਦਾ ਨਾਮ ਦੇ ਦਿਤਾ, ਪ੍ਰੰਤੂ ਇਸ ਵਿਚ ਹੋਰ ਹੁਸ਼ਿਆਰੀ ਇਹ ਕੀਤੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਸੈਂਟਰ ਦੇ ਅਧਿਕਾਰ ਵਿਚ ਲੈ ਲਿਆ। ਇਸ ਤਰ੍ਹਾਂ ਨ ਕੇਵਲ ਕਿਤਨੇ ਹੀ ਪੰਜਾਬੀ ਬੋਲਦੇ ਲੋਕ, ਜੋ ਪਛਮੀ ਪੰਜਾਬ ਤੋਂ ਆਉਣ ਪਿਛੋਂ ਹਿਸਾਰ, ਕਰਨਾਲ, ਅੰਬਾਲਾ, ਸਰਸਾ ਤੇ ਰੋਹਤਕ ਵਿਚ ਜਾਂ ਨਵੇਂ ਬਣਾਏ ਹਿਮਾਚਲ ਦੇ ਪਹਾੜੀ ਇਲਾਕਿਆਂ ਮੰਡੀ, ਕਾਂਗੜਾ, ਸ਼ਿਮਲਾ, ਸੋਲਨ ਅਤੇ ਚੰਡੀਗੜ੍ਹ ਵਿਚ ਆਬਾਦ ਹੋਏ ਸਨ, ਜਿਨ੍ਹਾਂ ਵਿਚ ਹੀ ਕਈ ਲਖ ਸਿਖ ਸਨ, ਪਜਾਬੀ ਸੂਬੇ ਤੋਂ ਬਾਹਰ ਕਢੇ ਗਏ, ਬਲਕਿ ਹਿੰਦੀ ਨੂੰ ਇਨ੍ਹਾਂ ਇਲਾਕਿਆਂ ਦੀ ਮਾਤ-ਭਾਸ਼ਾ ਕਰਾਰ ਦੇ ਕੇ ਉਨ੍ਹਾਂ



www.AKJ.Org

ਪੰਜਾਬੀ ਬੋਲਦਿਆਂ ਲੋਕਾਂ ਉਪਰ ਹਿੰਦੀ ਠੋਸੀ ਗਈ। ਇਸ ਉਪਰ ਹੋਰ ਤੁਅੱਜਬ ਦੀ ਗੱਲ ਇਹ ਕਿ ਇਨ੍ਹਾਂ ਇਲਾਕਿਆਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਥਾਂ ਵੀ ਨਹੀਂ ਦਿਤਾ ਗਿਆ। ਸਗੋਂ ਹਰਿਆਣਾ ਪ੍ਰਾਂਤ ਵਿਚ ਦੂਜੀ ਭਾਸ਼ਾ ਦਾ ਸਥਾਨ ਦਖਣੀ ਬੋਲੀ ਤਾਮਲ ਨੂੰ ਦਿਤਾ ਗਿਆ, ਜੋ ਹਰਿਆਣੇ ਦਾ ਕੋਈ ਵਸਨੀਕ ਭੀ ਨਹੀਂ ਬੋਲਦਾ ਅਤੇ ਇਸ ਪ੍ਰਾਂਤ ਅੰਦਰ ਵਸਦੇ ਗਿਆਰਾਂ ਲਖ ਦੇ ਕਰੀਬ ਸਿਖ ਅਤੇ ਏਨੇ ਕੁ ਹੋਰ ਪੰਜਾਬੀ ਬੋਲਦੇ ਲੋਕਾਂ ਨੂੰ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਪੜ੍ਹਨ ਲਿਖਣ ਤੋਂ ਹਮੇਸ਼ਾ ਲਈ ਵਾਂਝ ਦਿਤਾ। ਸਰਕਾਰ ਦੇ ਇਸ ਕਰਤੱਵ ਨੇ ਗਿਆਰਾਂ ਲੱਖ ਸਿਖਾਂ ਨੂੰ ਆਪਣੇ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦੇ ਅਧਿਐਨ ਤੋਂ ਵਾਂਝ ਕੇ ਸਿਖੀ ਦੇ ਪ੍ਰਚਾਰ ਨੂੰ ਐਸੀ ਸੱਟ ਮਾਰੀ ਹੈ ਜਿਹੋ ਜਹੀ ਦੇਸ ਦੀਆਂ ਪਹਿਲੀਆਂ ਹਕੂਮਤਾਂ ਨਹੀਂ ਮਾਰ ਸਕੀਆਂ ਸਨ--ਇਹ ਹੈ ਭਾਰਤ ਸਰਕਾਰ ਦੇ ਧਰਮ-ਨਿਰਪੇਖਤਾ (Secularism) ਦਾ ਇਕ ਹੋਰ ਉਦਾਹਰਣ।

ਪੰਜਾਬੀ ਬੋਲਦੇ ਲਖੂਖਹਾ ਹਿੰਦੂ ਸਿਖਾਂ ਨਾਲ ਐਸਾ ਵਰਤਾਉ ਅਤੇ ਪੰਜਾਬ ਨੂੰ ਉਸ ਦੀ ਰਾਜਧਾਨੀ ਚੰਡੀਗੜ੍ਹ ਤੋਂ ਭੀ ਲਾਂਭੇ ਕਰ ਦੇਣਾ ਫ਼ੌਰੀ ਕਾਰਨ ਬਣੇ ਪੰਜਾਬੀ ਦੀ ਨਿਰਾਸਤਾ ਅਤੇ ਅੰਦੋਲਨਾਂ ਦੇ। ਸਰਕਾਰ ਦੀ ਅਜਿਹੀ ਪੰਜਾਬੀ-ਵਿਰੋਧੀ ਨੀਤੀ ਦੇ ਉਲਟ ਸੰਘਰਸ਼ ਜਾਰੀ ਹੋ ਗਿਆ, ਖ਼ਾਸ ਕਰ ਸਿਖਾਂ ਵਲੋਂ, ਜਿਨ੍ਹਾਂ ਨਾਲ ਕਾਂਗ੍ਰਸ ਅਤੇ ਕਾਂਗ੍ਰਸੀ ਨੇਤਾਵਾਂ ਨੇ ਆਜ਼ਾਦੀ ਤੋਂ ਪਹਿਲੋਂ ਖਾਧੀਆਂ ਸਹੁੰਆਂ ਸੁਗੰਧਾਂ ਨੂੰ ਛਿੱਕੇ ਧਰ ਦਿਤਾ ਸੀ।

ਸ: ਦਰਸ਼ਨ ਸਿੰਘ ਫੇਰੂਮਾਨ ਜੈਸੇ ਕਾਂਗ੍ਰਸੀ ਸਿਖ ਨੇਤਾ ਨੇ ਗਾਂਧੀ ਜੀ ਦੇ ਨਕਸ਼ੇ ਕਦਮਾਂ ਤੇ ਚਲਦੇ ਹੋਏ ਮਰਨ-ਵਰਤ ਰਖ ਲਿਆ ਅਤੇ ੭੪ ਦਿਨਾਂ ਦੇ ਹੱਠ ਪਿਛੋਂ ਕਾਂਗ੍ਰਸੀ ਹਕੂਮਤ ਦੇ ਸਿਰ ਭਾਂਡਾ ਭੰਨਦੇ ਹੋਏ ੨੭ ਅਕਤੂਬਰ ੧੯੬੯ ਨੂੰ ਚੁੜ੍ਹ ਚੁੜ੍ਹ ਕੇ ਮੌਤ ਲਾੜੀ ਨੂੰ ਪਰਣਾਅ ਲਿਆ, ਪਰ ਇਹ ਹਕੂਮਤ ਟਸ ਤੋਂ ਮਸ ਨ ਹੋਈ। ਕਿਤਨੀਆਂ ਹੀ ਹੋਰ ਜਾਨਾਂ ਗਈਆਂ ਅਤੇ ਅਨੇਕ ਗੁਰੂ ਕੇ ਲਾਲਾਂ ਨੇ ਸੀਖਾਂ ਪਿਛੇ ਬੈਠ ਕੇ ਕੋਠੜੀਆਂ ਦੇ ਤਸੀਹੇ ਸਹੇ।

ਪਰ ਜੋ ਲੋਕ ਧਰਮ ਹਾਰ ਦੇਣ ਅਤੇ ਜਿਨ੍ਹਾਂ ਦੀ ਜ਼ਿੰਦਗੀ ਦਾ ਸ਼ੇਵਾ ਹੀ ਭੋਲੇ ਭਾਲੇ ਤੇ ਸਿਧੇ ਲੋਕਾਂ ਨਾਲ ਵਿਸਾਹਘਾਤ ਕਰਨਾ ਬਣ ਗਿਆ ਹੋਵੇ, ਉਨ੍ਹਾਂ ਨੂੰ ਕਿਸੇ ਦਾ ਦੁਖ ਕਿਵੇਂ ਪੋਹ ਸਕਦਾ ਹੈ ?

[ਛਪੀ ਪੁਸਤਕ "ਕਿਉਂ ਕੀਤੋ ਵੇਸਾਹੁ" ਵਿਚੋਂ

# 'ਨਾਨਕ' ਰਾਹੁ ਪਛਾਨਣ ਸਿੰਘ

(ਸ: ਤੇਗ਼ ਬਹਾਦਰ ਸਿੰਘ ਤੇਗ਼)

ਗੁਰਬਾਨੀ ਨਿੱਤ ਗਾਵਣ ਸਿੰਘ।
ਨਾਮ ਪ੍ਰਭੂ ਦਾ ਧਿਆਵਣ ਸਿੰਘ।

ਤਨ ਮਨ ਧਨ ਸਭ ਜਾਣ ਗੁਰੂ ਦਾ,
ਗੁਰੂ ਦੀ ਭੇਂਟ ਚੜ੍ਹਾਵਣ ਸਿੰਘ।

ਨਾਮ ਬਾਣੀ ਦੇ ਹਨ ਇਹ ਗਾਹਕ,
ਚੜ੍ਹਦੀ ਕਲਾ ਨਿੱਤ ਚਾਹਵਣ ਸਿੰਘ।

"ਘਾਲਿ ਖਾਇ ਕਿਛੁ ਹਥਹੁ ਦੇਇ,"
'ਨਾਨਕ' ਰਾਹੁ ਪਛਾਨਣ ਸਿੰਘ।

ਦੇਸ਼ ਕੌਮ ਤੇ ਭੀੜ ਬਣੇ ਜਾਂ,
ਤਲੀ ਤੇ ਸੀਸ ਟਿਕਾਵਣ ਸਿੰਘ।

ਪਰਬਤ ਵਾਂਗੂ ਡਟ ਜਾਂਦੇ ਨੇ,
ਪੈਰ ਪਿਛਾਂਹ ਕਦ ਪਾਵਣ ਸਿੰਘ।

ਬੰਦ ਬੰਦ ਭਾਵੇਂ ਕਟ ਜਾਵੇ,
ਧਰਮ ਦੀ ਰੱਖ ਵਿਖਾਵਣ ਸਿੰਘ।

ਮਜ਼ਲੂਮਾਂ ਦੀ ਰੱਖਿਆ ਲਈ,
ਜਿੰਦੜੀ ਘੋਲ ਘੁੰਮਾਵਣ ਸਿੰਘ।

"ਗੁਰੂ ਗੋਬਿੰਦ" ਦੇ ਆਸ਼ਕ ਜੋ,
ਚਿੜੀ ਤੋਂ ਬਾਜ਼ ਤੁੜਾਵਣ ਸਿੰਘ।



www.AKJ.Org

# ਆਪਣੀ ਬਿਧਿ ਆਪਿ ਜਾਣਾਈ

[ਭਾਈ ਰਾਮ ਸਿੰਘ ਜੀ ਸੁਕਾਡਰਨ ਲੀਡਰ (ਰੀ:) ਅੰਮ੍ਰਿਤਸਰ]

ਨੋਟ–ਪਾਠਕਾਂ ਦੀ ਮੰਗ ਤੇ ਮਾਰਚ ੧੯੭੫ ਦਾ ਇਹ ਲੇਖ ਫਿਰ ਦੁਹਰਾਇਆ ਜਾ ਰਿਹਾ ਹੈ।

੧੯੭੨ ਦੇ ਦੀਵਾਲੀ ਦੇ ਸਮੇਂ ਆਗਰੇ ਵਿਖੇ ਰਚੇ ਗਏ ਕੀਰਤਨ ਸਮਾਗਮ ਦੀ ਇਕ ਅਭੁੱਲ ਯਾਦ, ਜੋ ਅਕਸਰ ਮਨ ਵਿਚ ਵੈਰਾਗ ਪੈਦਾ ਕਰਦੀ ਹੈ ਅਤੇ ਮਸਤਕਿ ਲਿਖਿਅੜੇ ਲੇਖ, ਪੂਰਬ ਕਮਾਈ ਅਤੇ ਦਇਆਲੂ ਸਤਿਗੁਰਾਂ ਦੀ ਕਿਰਪਾ ਬਾਰੇ ਹਿਰਦੇ ਅੰਦਰਿ ਤਰਬਾਂ ਛੇੜ ਦੇਂਦੀ ਹੈ, ਇਹ ਯਾਦ ਮੁੜਿ ਮੁੜਿ ਟੁੰਬ ਰਹੀ ਹੈ ਕਿ ਇਸ ਨੂੰ ਸੰਸਾਰ ਭਰ ਦੇ ਗੁਰਸਿਖ ਮਾਤਾ-ਪਿਤਾ, ਵੀਰ-ਭੈਣਾਂ ਅਤੇ ਬੱਚੇ-ਬੱਚੀਆਂ ਦੇ ਦ੍ਰਿਸ਼ਟੀ ਗੋਚਰ ਕੀਤਾ ਜਾਵੇ ਤਾਂ ਜੁ "ਐਸੇ ਗੁਰ ਕਉ ਬਲਿ ਬਲਿ" ਵਾਲੀ ਅਵਸਥਾ ਸਾਡੇ ਆਤਮਾ ਅੰਦਰਿ ਪ੍ਰਵਿਸ਼ ਕਰ ਜਾਏ ਅਤੇ ਅਸਾਡੇ ਅੰਦਰ ਅੰਮ੍ਰਿਤਧਾਰੀ-ਨਾਮ ਵਣਜਾਰੇ ਗੁਰਸਿਖਾਂ ਦੀ ਚਰਨ ਧੂੜ ਪਰਸਣ ਲਈ, ਉਨ੍ਹਾਂ ਦੇ ਦਰਸ਼ਨ ਕਰਨ ਲਈ, ਉਨ੍ਹਾਂ ਦੀ ਸੇਵਾ ਕਰਨ ਲਈ, ਉਨ੍ਹਾਂ ਵਿਚ ਉੱਠਣ ਬੈਠਣ ਲਈ ਅਤੇ ਉਹਨਾਂ ਦੇ ਸੰਗ ਹੇਲ-ਮੇਲ ਹੋਣ ਲਈ ਮਨ ਵਿਚ ਤੜਪ ਪੈਦਾ ਹੋਵੇ।

ਕੀਰਤਨ-ਸਮਾਗਮ ਦੀ ਰੈਣ-ਸਬਾਈ ਦੀ ਸ਼ਾਮ ਨੂੰ ਪੰਚ ਪ੍ਰਵਾਨਗੀ ਦੇ ਬਾਅਦ, ਪੰਚਾਂ ਦੇ ਜਥੇਦਾਰ ਸਾਹਿਬ ਨੇ ਦਾਸ ਨੂੰ ਕਿਹਾ ਕਿ ਬਾਹਰ ਜਾ ਕੇ ਦੇਖੋ ਕਿ ਕਿਤਨੇ ਕੁ ਅੰਮ੍ਰਿਤ ਅਭਿਲਾਖੀ ਪ੍ਰਾਣੀ ਆਏ ਹਨ। ਦਾਸ ਜਥੇਦਾਰ ਸਾਹਿਬ ਦੀ ਆਗਿਆ ਪਾ ਕੇ ਬਾਹਰ ਆਇਆ ਅਤੇ ਪੁੱਛ-ਗਿਛ ਕਰਨ ਤੋਂ ਪਤਾ ਲਗਾ ਕਿ ਪੰਛ-ਛੇ ਪ੍ਰਾਣੀ ਇਸ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਲਈ ਬੈਠੇ ਹੋਏ ਹਨ। ਇਨ੍ਹਾਂ ਤੋਂ ਕੁਝ ਕੁ ਦੂਰੀ ਤੇ ਅਡਰੇ ਜਿਹੇ ਕਰਕੇ ਇਕ ਹਿੰਦੂ ਪ੍ਰਵਾਰ ਪੂਰਬੀ ਭਈਏ (ਪਤੀ, ਪਤਨੀ ਅਤੇ ਤਿੰਨ ਬੱਚੇ) ਅਤਿ ਗਰੀਬੀ-ਦਰਸਾਊ-ਪੁਸ਼ਾਕੇ ਵਿਚ ਬੈਠੇ ਹੋਏ ਸਨ। ਦਾਸ ਦੀ ਉਹਨਾਂ ਨਾਲ ਇਸ ਪ੍ਰਕਾਰ ਗੱਲ-ਬਾਤ ਹੋਈ :—

ਦਾਸ–ਆਪ ਯਹਾਂ ਕਿਆ ਕਰ ਰਹੇ ਹੈਂ ?

ਦੰਪਤੀ–ਬਾਬੂ ਜੀ, ਅੰਮ੍ਰਿਤ ਲੇਨਾ।

ਦਾਸ–(ਬੜਾ ਹੈਰਾਨ ਹੋ ਕ੍ਰੇ) ਕਿਆ ਕਹਾ ?

ਦੰਪਤੀ–ਬਾਬੂ ਜੀ, ਅੰਮ੍ਰਿਤ ਲੇਨਾ। ਹਮ ਇਸ਼ਨਾਨ ਕਰ ਕੇ ਆਏ ਹੈਂ। ਸਭੀ ਨੇ ਇਸ਼ਨਾਨ ਕੀਆ ਹੈ, ਬੱਚੋਂ ਨੇ ਭੀ ਕੀਆ ਹੈ।

ਦਾਸ–ਆਪ ਨੇ ਕਿਆ ਕੱਛਾ ਪਹਿਰਾ ਹੈ ?

ਦੰਪਤੀ–ਨਹੀਂ ਬਾਬੂ ਜੀ।

ਦਾਸ–ਕਿਰਪਾਨ, ਕੰਘਾ, ਕੜਾ, ਕੋਈ ਆਪ ਕੇ ਪਾਸ ਹੈਂ ?

ਦੰਪਤੀ–ਨਹੀਂ ਬਾਬੂ ਜੀ।

ਕੇਸਕੀ ਤਾਂ ਦਾਸ ਨੂੰ ਨਜ਼ਰ ਹੀ ਆ ਰਹੀ ਸੀ ਕਿ ਉਨ੍ਹਾਂ ਪਾਸ ਨਹੀਂ ਸੀ। ਉਪ੍ਰੰਤ ਦਾਸ ਨੇ ਮਾਸ, ਸ਼ਰਾਬ ਅਤੇ ਤੰਬਾਕੂ ਦੀ ਮਨਾਹੀ ਬਾਰੇ ਉਨ੍ਹਾਂ ਨੂੰ ਸੰਬੋਧਨ ਕੀਤਾ। ਉਹ ਅੰਮ੍ਰਿਤ ਛਕਣ ਲਈ ਸਭ ਕੁਝ ਕਰਨ ਨੂੰ ਪੁਖ਼ਤਾ-ਇਰਾਦਾ ਕਰੀ ਬੈਠੇ ਸਨ।

ਤਾਂ ਦਾਸ ਨੇ ਵਾਪਸ ਅੰਦਰ ਆ ਕੇ ਇਹ ਸਾਰੀ ਰਪੋਰਟ ਜਥੇਦਾਰ ਸਾਹਿਬ ਨੂੰ ਦਿੱਤੀ। ਜਥੇਦਾਰ ਸਾਹਿਬ ਹੱਸ ਪਏ ਅਤੇ ਬਹੁਤ ਖੁਸ਼ ਹੋਏ ਅਤੇ ਇਸ ਹਿੰਦੂ ਪ੍ਰਵਾਰ ਨੂੰ ਪੰਚ ਕਕਾਰੀ ਰਹਿਤ ਸਜਾ ਕੇ ਪੰਚਾਂ ਦੇ ਪੇਸ਼ ਹੋਣ ਦੀ ਇਜਾਜ਼ਤ ਦੇ ਦਿਤੀ। ਦਾਸ ਨੇ ਆਗਰਾ ਨਿਵਾਸੀ ਇਕ ਸਿੰਘ ਪਾਸ ਬੇਨਤੀ ਕੀਤੀ ਕਿ ਉਸ ਸਮੁੱਚੇ ਪ੍ਰਵਾਰ ਵਾਸਤੇ ਕਕਾਰਾਂ ਦਾ ਬੰਦੋਬਸਤ ਕਰੇ ਅਤੇ ਬੀਬੀ ਵਾਸਤੇ (ਜੋ ਕਿ ਕੇਵਲ ਧੋਤੀ ਪਹਿਰਾਵੇ ਵਿਚ ਸੀ) ਸਲਵਾਰ, ਕਮੀਜ਼ ਅਤੇ ਦੁਪੱਟੇ ਦਾ ਭੀ ਬੰਦੋਬਸਤ ਕਰੇ। ਇਸ ਗੁਰੂ ਕੇ ਲਾਲ ਨੇ ਫ਼ੌਰਨ ਹੀ ਫ਼ੌਜੀ-ਫ਼ੁਰਤੀ ਨਾਲ ਇਸ ਪ੍ਰਵਾਰ ਲਈ ਸਭ ਯੋਗ ਬੰਦੋਬਸਤ ਕਰ ਦਿੱਤਾ।

ਪੇਸ਼ੀਆਂ ਸ਼ੁਰੂ ਹੋ ਗਈਆਂ। ਪੰਚਾਂ ਨੇ ਇਸ ਪ੍ਰਵਾਰ ਨੂੰ ਅੰਮ੍ਰਿਤ-ਅਧਿਕਾਰੀ ਹੋਣ ਦੀ ਪ੍ਰਵਾਨਗੀ ਦੇ ਦਿੱਤੀ। ਪੇਸ਼ੀਆਂ ਤੋਂ ਉਪ੍ਰੰਤ ਸਾਰੇ ਅੰਮ੍ਰਿਤ-ਅਧਿਕਾਰੀ ਅੰਦਰ ਬੁਲਾਏ ਗਏ। ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ। ਅੰਮ੍ਰਿਤ ਅਭਿਲਾਖੀ ਯਕੇ ਬਾਅਦ ਦੀਗਰੇ ਜਹਾਜ਼ੇ ਚੜ੍ਹਦੇ ਗਏ ਅਤੇ ਨਾਮ ਦੀ ਗੁੰਜਾਰ ਅੰਮ੍ਰਿਤ ਹਾਲ ਵਿਚ ਪੈਰੋ ਪੈਰ ਵਧਦੀ ਗਈ। ਸਭ ਤੋਂ ਅਖ਼ੀਰ ਵਿਚ ਇਸ ਪ੍ਰਵਾਰ ਦੀ ਵਾਰੀ ਆਈ। ਇਨ੍ਹਾਂ ਵਿਚੋਂ ਪਹਿਲੋਂ ਸਿੰਘ ਦੀ ਵਾਰੀ ਆਈ। ਇਹ ਅਭਿਲਾਖੀ ਜਨ ਬੀਰ-ਆਸਣ ਹੋ ਕੇ



www.AKJ.Org

ਬੈਠ ਗਿਆ। ਇਸ ਨਾਲ ਪੰਚਾਂ ਦੇ ਇਸ ਪ੍ਰਕਾਰ ਬਚਨ ਹੋਏ–

ਪੰਚ–(ਅੰਮ੍ਰਿਤ ਦੇ ਚੁਲੇ ਦੇ ਬਾਅਦ) ਬੋਲ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ।

ਅਧਿਕਾਰੀ–(ਚੁਪ)।

ਪੰਚ–ਬੋਲ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ।

ਅਧਿਕਾਰੀ–(ਚੁਪ)।

ਪੰਚ–(ਇਹ ਸਮਝ ਕੇ ਕਿ, ਇਸਨੇ ਤਾਂ ਕਦੇ ਫ਼ਤਹ ਸੁਣੀ ਹੀ ਨਹੀਂ) ਜੈਸੇ ਹਮ ਕਹਿਤੇ ਹੈਂ, ਆਪ ਹਮਾਰੇ ਪੀਛੇ ਐਸੇ ਹੀ ਕਹੋ।

ਅਧਿਕਾਰੀ–ਅੱਛਾ ਜੀ।

ਪੰਚ–ਬੋਲੋ ਵਾਹਿਗੁਰੂ

ਅਧਿਕਾਰੀ–ਵਾਹਿਗੁਰੂ

ਪੰਚ–ਜੀ ਕਾ

ਅਧਿਕਾਰੀ–ਜੀ ਕਾ

ਪੰਚ–ਖ਼ਾਲਸਾ

ਅਧਿਕਾਰੀ–ਖ਼ਾਨਸਾ

ਪੰਚ–ਖ਼ਾਨਸਾ ਨਹੀਂ, ਖ਼ਾਲਸਾ

ਅਧਿਕਾਰੀ–ਫ਼ਾਲਸਾ

ਪੰਚ–ਫ਼ਾਲਸਾ ਨਹੀਂ, ਬੋਲੋ 'ਖ਼ਾ'

ਅਧਿਕਾਰੀ–'ਖ਼ਾ'

ਪੰਚ–'ਲ'

ਅਧਿਕਾਰੀ–'ਲ'

ਪੰਚ–'ਸਾ'

ਅਧਿਕਾਰੀ–'ਸਾ'

ਪੰਚ–ਵਾਹਿਗੁਰੂ

ਅਧਿਕਾਰੀ–ਵਾਹਿਗੁਰੂ

ਪੰਚ–ਜੀ ਕੀ

ਅਧਿਕਾਰੀ–ਜੀ ਕੀ

ਪੰਚ–ਫ਼ਤਹ।

ਅਧਿਕਾਰੀ–ਫ਼ਤਹ।

ਇਸ ਪ੍ਰਕਾਰ ਇਸ ਸਿੰਘ ਨੂੰ ਜਹਾਜ਼ੇ ਚੜ੍ਹਾਇਆ ਗਿਆ। ਇਸ ਦੇ ਨਾਮ ਅਭਿਆਸ ਨੇ ਵੀ ਸਰਲਤਾ ਦੀ ਰੌ ਪਕੜਨ ਵਿਚ ਵਾਹਵਾ ਦੇਰ ਲਾਈ। ਫਿਰ ਇਸ ਦੇ ਵੱਡੇ ਬੱਚੇ ਦੀ ਵਾਰੀ ਆਈ, ਜਿਸ ਦੀ ਆਯੂ ਕੋਈ ਦਸ ਕੁ ਵਰ੍ਹੇ ਸੀ। ਉਸ ਨਾਲ ਭੀ ਬਾਪ ਦੀ ਤਰ੍ਹਾਂ ਹੀ ਬੀਤੀ। ਫਿਰ ਆਈ ਬੀਬੀ ਦੀ ਵਾਰੀ। ਇਸ ਨਾਲ ਭੀ 'ਖ਼ਾਲਸਾ' ਪਦ ਨੂੰ ਪਦ-ਛੇਦ ਕਰ ਕੇ ਜੁਗਤ ਪੂਰੀ ਕੀਤੀ। ਜਦ ਇਸ ਬੀਬੀ ਨੇ ਅੰਮ੍ਰਿਤ ਛਕ ਲਿਆ ਤਾਂ ਪੰਚਾਂ ਨੇ (ਜੱਥੇਦਾਰ ਸਾਹਿਬ ਦੀ ਰਾਹੀਂ, ਸਭ ਅਧਿਕਾਰੀਆਂ ਦੀ ਤਰ੍ਹਾਂ) ਇਸ ਬੀਬੀ ਨੂੰ ਕਿਹਾ, "ਅੰਮ੍ਰਿਤ ਛਕ ਲਿਆ ਹੈ। ਅਬ ਪੰਜ ਪਿਆਰੇ ਆਪ ਕੋ ਗੁਰ ਮੰਤ੍ਰ ਨਾਮ ਦੇਂਗੇ। ਆਪ ਨੇ ਹਮਾਰੇ ਸਾਥ ਮਿਲ ਕਰ ਇਸ ਕਾ ਜਾਪ ਕਰਨਾ।" ਇਹ ਕਹਿ ਕੇ ਪੰਚਾਂ ਨੇ ਬੀਬੀ ਦੇ ਸੀਸ ਉੱਤੇ ਆਪਣੇ ਹੱਥ ਧਰ ਕੇ **'ਸਵਾਸ ਅਭਿਆਸੀ ਨਾਮ'** ਦਾ ਪਹਿਲਾ ਫੁੱਰਾਟਾ ਛਡਿਆ। ਦੂਸਰੇ ਫੁੱਰਾਟੇ ਦੇ ਨਾਲ ਇਹ ਬੀਬੀ (ਜਿਸ ਨੇ ਨਾ ਕਦੇ ਫ਼ਤਹ ਸੁਣੀ ਸੀ ਅਤੇ ਨਾ ਹੀ ਉਸ ਨੂੰ ਨਾਮ ਦਾ ਕੋਈ ਥਹੁ ਸੀ) ਇਸ ਤਰ੍ਹਾਂ ਅਭਿਆਸ ਵਿਚ ਜੁੱਟ ਗਈ ਜਿਵੇਂ ਕਿ ਕਈਆਂ ਸਾਲਾਂ ਤੋਂ ਨਾਮ-ਅਭਿਆਸਣ ਹੁੰਦੀ ਹੈ। ਐਸਾ ਸਪੱਸ਼ਟ, ਸਰਲ ਅਤੇ ਸਭ ਤੋਂ ਉੱਚਾ ਇਸ ਦਾ ਨਾਮ-ਅਭਿਆਸ ਚਲੇ ਕਿ ਸਾਰੇ ਦੇਖਣ ਵਾਲਿਆਂ ਦੇ ਮੁਸਕਰਾਹਟ ਭਰੇ ਚਿਹਰਿਆਂ ਦੀ ਟਿਕਟਿਕੀ ਇਸ ਬੀਬੀ ਵਲ ਲਗ ਗਈ। ਇਸ ਬੀਬੀ ਦਾ ਸਰੀਰ ਆਕੜ ਗਿਆ, ਡੰਡਵਤ ਹੋ ਗਈ। ਨਾਮ-ਅਭਿਆਸੀ ਹੁਲਾਰੇ ਨਾਲ ਇਸ ਦਾ ਸੀਸ ਜ਼ਮੀਨ ਤੇ ਵੱਜਣੋਂ ਪੰਚਾਂ ਨੇ ਡਾਢੀ ਕੋਸ਼ਿਸ਼ ਨਾਲ ਥੰਮ੍ਹ ਕੇ ਰਖਿਆ ਹੋਇਆ ਸੀ। ਇਹ ਬੀਬੀ ਤਾਂ ਸੰਭਲ ਨਾ ਹੋਵੇ। ਜੱਥੇਦਾਰ ਸਾਹਿਬ ਨੇ ਪਾਸ ਬੈਠੀਆਂ ਹੋਰ ਬੀਬੀਆਂ ਨੂੰ ਇਸ਼ਾਰਾ ਕਰ ਕੇ ਉਨ੍ਹਾਂ ਨੂੰ ਇਸ ਬੀਬੀ ਨੂੰ ਸੰਭਾਲਣ ਲਈ ਕਿਹਾ ਅਤੇ ਉਸ ਨੂੰ ਉਨ੍ਹਾਂ ਦੇ ਸਪੁਰਦ ਕੀਤਾ। ਬੜੀ ਖ਼ਾਸੀ ਦੇਰ ਤੱਕ ਇਸ ਦੀ ਇਹੋ ਹਾਲਤ ਰਹੀ। ਜਦ ਹੋਸ਼ ਸੰਭਲੀ (ਨਾਮ-ਅਭਿਆਸੀ ਖੰਡਾ ਤਾਂ ਬਦਸਤੂਰ ਜਾਰੀ ਹੀ ਸੀ) ਇਸ ਦੇ ਚਿਹਰੇ ਦਾ ਗੁਰੂ-ਬਖ਼ਸ਼ਿਆ ਜਲਾਲ, ਜੋ ਕਿ ਦੇਖਣ ਵਾਲਿਆਂ ਵਿਚ ਵੈਰਾਗ ਪੈਦਾ ਕਰ ਰਿਹਾ ਸੀ, ਦੇਖਣ ਵਾਲਾ ਸੀ। ਖ਼ੂਬ ਚੌਂਕੜਾ ਸਜਾ ਕੇ ਨਾਮ ਵਿਚ ਜੁਟੀ ਹੋਈ ਸੀ। ਇਸ ਦੀ ਸਭ ਤੋਂ ਛੋਟੀ ਦੋ ਕੁ ਸਾਲ ਦੀ ਬੱਚੀ ਦਾ ਅਭਿਆਸ ਵੀ ਆਪਣੀ ਮਾਂ ਦੀ ਤਰ੍ਹਾਂ ਹੀ ਚੱਲ



www.AKJ.Org

ਰਿਹਾ ਸੀ।

ਉਪ੍ਰੰਤ ਇਨ੍ਹਾਂ ਦੀਆਂ ਲਾਵਾਂ ਪੜ੍ਹੀਆਂ ਗਈਆਂ ਅਤੇ ਗੁਰਮਤਿ ਅਨੁਸਾਰ ਇਨ੍ਹਾਂ ਦੇ ਨਾਮ ਰਖੇ ਗਏ।

* * * *

ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ
ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ
ਨਾਨਕ, ਜਨਮ ਜਨਮ ਕੀ ਸੋਈ ਜਾਗੀ ॥
[ਗਉੜੀ ਪੂਰਬੀ ਮ: ੫, ਪੰਨਾ ੨੦੪

ਕਰਤਾ ਪੁਰਖ ਦੀ ਲੀਲ੍ਹਾ ਅਪਰ-ਅਪਾਰ ਹੈ ਅਤੇ ਉਸ ਦੀ ਅਮਿਤ ਵਡਿਆਈ ਕਹਿਣ ਕਥਨ ਤੋਂ ਬਾਹਰ ਹੈ। ਸਾਡੀ ਅਲਪਗ ਬੁਧੀ ਉਸ ਦੀਆਂ ਮਿਹਰੰਮਤਾਂ ਦਾ ਪਾਰਾਵਾਰ ਨਹੀਂ ਪਾ ਸਕਦੀ। ਜੀਅ-ਜੰਤਾਂ ਨੂੰ ਬਹੁ-ਭਾਂਤੀ ਠਗੌਰੀਆਂ ਪਾ ਕੇ ਕਰਮਾਂ ਕੁਕਰਮਾਂ ਵਿਚ ਫਸਾ ਕੇ, ਫਿਰ ਆਪ ਹੀ ਉਨ੍ਹਾਂ ਨੂੰ ਬੰਧਨ-ਮੁਕਤ ਕਰਾਉਣ ਦੀ ਵਿਉਂਤ ਸਾਜਦਾ ਹੈ। ਸਜਣ ਠਗ, ਕੌਡੇ ਰਾਕਸ਼, ਬਿਧੀ ਚੰਦ ਧਾੜਵੀ ਵਰਗਿਆਂ ਦੀ ਠੱਗੀ, ਰਾਕਸ਼-ਬੁਧੀ ਤੇ ਧਾੜਵੀ-ਪੁਣਾ ਛੁਡਾਉਣ ਦਾ ਆਪ ਹੀ ਬਾਨ੍ਹਣੂ ਬੰਨ੍ਹਦਾ ਹੈ।

ਜੀਵਾਂ ਦੇ ਕਮਾਏ ਹੋਏ ਪੂਰਬਲੇ ਕਰਮਾਂ ਦੇ ਲੇਖਾਂ ਅਨੁਸਾਰ ਉਹ ਸੱਚਾ ਮੁਨਸਫ਼ ਸਭ ਜੀਵਾਂ ਨੂੰ ਉਨ੍ਹਾਂ ਦੇ ਕੀਤੇ ਕਰਮਾਂ ਦੇ ਲੇਖੇ ਭੁਗਤਾਉਂਦਾ ਹੈ। ਇਨ੍ਹਾਂ ਲੇਖਿਆਂ ਦੇ ਚੱਕਰ ਵਿਚ ਹੀ ਉਪਰੋਕਤ ਪਰਵਾਰ ਨੇ ਕਿਧਰੇ ਪੂਰਬ ਵਿਚ ਕਿਸੇ ਗ਼ਰੀਬ ਘਰਾਣੇ ਵਿਚ ਜਨਮ ਲਿਆ ਹੋਣਾ ਹੈ ਅਤੇ ਕਰਮਾਂ ਦੇ ਲੇਖੇ ਭੋਗਦੇ, ਮਿਹਨਤ ਮਜ਼ੂਰੀ ਕਰਦੇ, ਅਤਿ ਗ਼ਰੀਬੀ ਵਿਚ ਦਿਨ-ਕਟੀ ਕਰਦੇ, ਕਰਤੇ ਪੁਰਖ ਦੀ ਬਿਧਨਾ ਅਨੁਸਾਰ ਆਗਰੇ ਵਿਖੇ ਹੋਏ ਸਮਾਗਮ ਵਿਖੇ ਲੰਗਰ ਦੇ ਪਰਸ਼ਾਦੇ ਛਕਦਿਆਂ ਕਿਤੇ ਉਨ੍ਹਾਂ ਸੁਣਿਆ ਹੋਵੇਗਾ ਕਿ ਇਥੇ ਅੰਮ੍ਰਿਤ ਵੀ ਮਿਲਦਾ ਹੈ। ਇਸ਼ਨਾਨ ਕਰ ਕੇ ਤਿਆਰ ਹੋ ਕੇ ਆਓ। ਉਹਨਾਂ ਦਾ ਅੰਕੁਰ ਜਾਗਣਾ ਸੀ, ਸੋ ਬਿਧ ਬਣ ਗਈ। ਭੋਲੇ-ਭਾ ਉਹ ਆਪਣੀ ਮਤਿ ਅਨੁਸਾਰ ਇਸ਼ਨਾਨ ਕਰ ਕੇ ਅੰਮ੍ਰਿਤ-ਅਭਿਲਾਖੀਆਂ ਤੋਂ ਜ਼ਰਾ ਹਟਵੇਂ ਜਾ ਬੈਠੇ। ਮਨ ਵਿਚ ਇਹ ਲਾਲਸਾ ਸੀ ਕਿ ਹਮ ਭੀ ਅੰਮ੍ਰਿਤ ਲੇਂਗੇ। ਉਹ ਕੀ ਜਾਣਦੇ ਸਨ ਕਿ ਅੰਮ੍ਰਿਤ ਕੀ ਹੁੰਦਾ ਹੈ ਤੇ ਕਿਵੇਂ ਮਿਲਦਾ ਹੈ। ਉਹਨਾਂ ਦੇ ਭਾਅ ਦਾ ਤਾਂ ਲੰਗਰ ਵਾਂਗ ਹੀ ਭੰਡਾਰਾ ਵਰਤੀਂਦਾ ਹੋਵੇਗਾ, ਪਰ ਖਿਲਾਵਨਹਾਰੇ ਦੇ ਚੋਜ ਨਿਰਾਲੇ ਹਨ। ਉਹ ਇਨ੍ਹਾਂ ਦੇ ਮਨਾਂ ਵਿਚ ਬੈਠ ਕੇ ਇਹ ਸਾਰੀਆਂ ਬਿਧਾਂ ਆਪ ਜੋੜ ਰਿਹਾ ਸੀ–

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ, ਖਿਲਾਵਨਹਾਰੋ
ਜਾਨੈ ॥ ਜੈਸਾ ਭੇਖੁ ਕਰਾਵੈ ਬਾਜੀਗਰੁ, ਓਹੁ ਤੈਸੋ
ਹੀ ਸਾਜੁ ਆਨੈ ॥੩॥੧੨੯॥ (ਪੰਨਾ ੨੦੬)

ਬਾਜੀਗਰ ਨੇ ਐਸੀ ਕਲਾ ਮਰੋੜੀ ਤੇ ਉਨ੍ਹਾਂ ਦੇ ਮੁਖੋਂ ਅਜਿਹਾ ਅਖਵਾਇਆ ਕਿ ਉਹ ਆਪਣੇ ਭੋਲੇ-ਭਾ ਵਿਚ ਹੁੰਦੇ ਹੋਏ ਸਾਹਿਬ ਦੇ ਦਰ ਕਬੂਲੇ ਗਏ। ਸਾਹਿਬ ਦੇ ਦਰੋਂ ਅੰਮ੍ਰਿਤ-ਛਾਂਦੇ ਛਕ ਕੇ ਨਾਮ ਦੀ ਗੁੜ੍ਹਤੀ ਮਿਲਣ-ਸਾਰ ਹੀ ਪਰਵਾਰ ਤੇ ਐਸੀ ਨਦਰ-ਮਿਹਰ ਹੋਈ ਜੋ ਵਿਰਲਿਆਂ ਤੇ ਹੀ ਹੁੰਦੀ ਹੈ। ਉਹਨਾਂ ਦੀ ਜਨਮਾਂ-ਜਨਮਾਂਤਰਾਂ ਦੀ ਸੁਤੀ ਹੋਈ ਕਲਾ ਜਾਗ ਪਈ ਅਤੇ ਨਾਮ ਦੀ ਪਿਆਸੀ ਰੂਹ, ਨਾਮ ਦਾ ਕਿਣਕਾ ਮਿਲਦਿਆਂ ਹੀ ਨਾਮ ਵਿਚ ਗੜੂੰਦ ਹੋ ਗਈ। ਇਹ ਸਭ ਪੂਰਬਲੇ ਕਰਮਾਂ ਦੀ ਹੀ ਖੇਡ ਹੈ। ਜਾਂ ਇਉਂ ਕਹੋ ਕਿ–

ਦਾਤੇ ਦਾਤਿ ਰਖੀ ਹਥਿ ਅਪਣੈ,
ਜਿਸੁ ਭਾਵੈ ਤਿਸੁ ਦੇਈ ॥ (੬੦੪)

ਇਥੇ ਸਿਆਣਪਾਂ ਚਤਰਾਈਆਂ ਤੇ ਵਡੀਆਂ ਅਕਲਾਂ ਦੀ ਕੋਈ ਜਾਅ ਨਹੀਂ, ਤੇ ਨਾ ਹੀ ਕੁਝ ਬਣਨ ਠਣਨ ਦੀ ਕੁਝ ਵਟੀਦੀ ਹੈ–

ਜੋਈ ਪ੍ਰਭੁ ਭਾਵੈ ਤਾਹਿ ਰੀਝ ਕੈ ਰੀਝਾਵੈ ਆਪਾ,
ਕਾਢਿ ਕਾਢਿ ਆਵੈ ਤਾਹਿ ਪਗ ਨ ਲਗਾਵਈ ॥
ਜੋਈ ਪ੍ਰਭੁ ਭਾਵੈ ਤਾਹਿ ਸਬੈ ਬਨਿ ਆਵੈ,
ਤਾ ਕੀ ਮਹਿਮਾ ਅਪਾਰ, ਨ ਕਹਤ ਬਨਿ ਆਵਈ ॥
੫੯੪॥ [ਕਬਿਤ ਭਾ: ਗੁਰਦਾਸ ਜੀ

[ਸੂਰਾ ਪਰਵਾਰ]



www.AKJ.Org

# ਪ੍ਰੇਮ-ਸੁਨੇਹੜੇ ਅਤੇ ਪ੍ਰੀਤ-ਮਿਲਣੀਆਂ

ਕੀਰਤਨ-ਮੰਡਲ ਵਿਚ ਪ੍ਰੇਮੀਆਂ ਦੇ ਪਰਸਪਰ ਜੁੜ ਬੈਠਣ ਦੇ ਸਮਾਗਮਾਂ ਦੀ ਇਹ ਗੌਝ ਕਥਾ ਭਾਈ ਸਾਹਿਬ ਰਣਧੀਰ ਸਿੰਘ ਜੀ ਬਿਆਨ ਕਰ ਰਹੇ ਹਨ–

"ਸਮਾਗਮਾਂ ਵਿਚ ਜੁੜਨ ਵਾਲੇ 'ਰਾਂਗ ਰੰਗੀਲੜੇ' ਸਿਖ ਸਜਣਾਂ ਦੇ ਪਰਸਪਰ ਪ੍ਰੇਮ ਦੇ ਹੁਲਾਸ, ਨਾਇ ਰਸੀਅੜੇ ਮਧੁਰ ਮਿਠ-ਬੋਲੜੇ ਪ੍ਰੇਮੀ ਜਨਾਂ ਦੇ ਪ੍ਰੇਮ-ਬਿਲਾਸ, ਚਾਉ-ਚਈਲੀ ਅਤੇ ਰਸ-ਰਸੀਲੀ ਪ੍ਰੇਮ ਦੀ ਧੁਨੀ ਵਿਚ ਮਧੁਰ ਮਧੁਰ ਪ੍ਰੇਮ-ਪੁਹਾਰੇ ਫੁਟ ਫੁਟ ਪੈਂਦੇ ਪ੍ਰੇਮੀਆਂ ਦੀ ਚਲੂਲੇ ਰੰਗਾਂ ਦੀ ਮਸਤ ਦਸ਼ਾ, ਕੀਰਤਨੀ ਸਜਣਾਂ ਦੇ ਚੇਹਰਿਆਂ ਉਪਰ ਚੜ੍ਹੇ ਰੱਬੀ ਨੂਰ ਦੀ ਝਲਕਾਰ, ਨਾਮ ਮਹਾਂ-ਰਸ ਵਿਚ ਮਗਨ ਹੋਏ ਮਰਜੀਵੜਿਆਂ ਦੇ ਅੰਮ੍ਰਿਤ ਭਿੰਨੇ ਲੋਇਣਾਂ ਦੀ ਤਾਰ, ਪ੍ਰੇਮ ਦੀ ਲਹਿਰ ਵਿਚ ਨਿਮਗਨ ਹੋਏ ਅਭਿਆਸੀਆਂ ਦੀ ਅਕਲ-ਬਿਕਲੀ ਦਸ਼ਾ ਵਾਲੀ ਲੋਟ-ਪੋਟੀ ਹੁਲਾਰ, ਨਾਮ ਦੀ ਪ੍ਰਮਾਰਥੀ ਚਮਕ ਨਾਲ ਚਮਕੀਲੇ ਕਉਤਕੀ ਚੇਹਰਿਆਂ ਉਤੇ ਟੂਲ ਟੂਲ ਪਉਂਦਾ ਹਰਿ ਰਸ, ਬਿਰਹੋਂ ਬੇਧੇ ਹੀਅੜਿਆਂ ਵਿਚੋਂ ਨਿਕਸੇ ਪ੍ਰੇਮ ਦੇ ਤੀਰ,ਰੰਗ-ਰਤੜੀ ਦਸ਼ਾ ਦੇ ਕਉਤਕੀ ਕਟਾਖਸ਼, ਅਜਿਹੇ ਪ੍ਰੇਮ ਦੇ ਚਾਬਕ ਕਸ ਕਸ ਕੇ ਲਗਾਉਂਦੇ ਹਨ ਕਿ ਬਿਹਬਲ ਕੀਤੇ ਬਿਨਾਂ ਨਹੀਂ ਛਡਦੇ। ਇਸ (ਅਨੰਦ-ਹੁਲਾਸ ਦੀ ਗੌਝ ਕਥਾ) ਦਾ ਜਾਣੂ ਪਛਾਣੂ ਕੇਵਲ ਓਹੋ ਵਡਭਾਗੀ ਜਨ ਹੋ ਸਕਦਾ ਹੈ, ਜਿਸ ਨੂੰ ਪੂਰਬ ਕਰਮਾਂ ਦੇ ਪ੍ਰਭਾਵ ਕਰਕੇ ਅਜਿਹੇ ਸਤਿਸੰਗ ਦੀ ਸਮੀਪਤਾ ਦਾ ਸ਼ੁਭ ਸਮਾਗਮ, ਅਰਥਾਤ ਅਵਸਰ ਪ੍ਰਾਪਤ ਹੋਇਆ ਹੋਵੇ।"

ਭਾਈ ਸਾਹਿਬ ਜੀ ਦੇ ਸਮੇਂ ਜੋ ਕੀਰਤਨ-ਅਖਾੜੇ ਜੁੜਦੇ ਰਹੇ, ਉਨ੍ਹਾਂ ਦੇ ਅਲੌਕਿਕ ਰੰਗ ਆਪ ਜੀ ਦੇ ਪ੍ਰੇਮ-ਸੁਨੇਹੜੇ ਸਿਰਲੇਖ ਹੇਠ ਉਪਰੋਕਤ ਸ਼ਬਦਾਂ ਵਿਚ ਦਰਸਾਏ ਗਏ ਹਨ।

ਬਿਰਹੋਂ-ਵੈਰਾਗੀ ਵੀਰ ਇਨ੍ਹਾਂ ਕੀਰਤਨ-ਅਖਾੜਿਆਂ ਵਿਚ ਜੁੜਨ ਲਈ ਤਾਂਘਦੇ ਰਹਿੰਦੇ। ਸਿਕਾਂ ਸਿਕਦਿਆਂ ਨੂੰ ਕਿਤੇ ਇਨ੍ਹਾਂ ਸਮਾਗਮਾਂ ਦੀ ਸੋਅ ਕੰਨੀ ਪੈਣੀ। ਸਮਾਗਮਾਂ ਵਿਚ ਹਾਜ਼ਰੀਆਂ ਭਰਨ ਲਈ ਗੁਰਸਿਖਾਂ ਨੂੰ ਜੋ ਪ੍ਰੇਮ-ਸੱਦੇ ਭੇਜੇ ਜਾਂਦੇ, ਉਹਨਾਂ ਉਪਰ ਗੁਰਬਾਣੀ ਦੇ ਮਹਾਂਵਾਕ ਇਸ ਭਾਵ ਦੇ ਅੰਕਤ ਕਰ ਕਰ ਕੇ ਭੇਜੇ ਜਾਂਦੇ–

– ਆਉ ਜੀ ਤੂ ਆਉ ਹਮਾਰੈ, ਹਰਿ ਜਸੁ ਸ੍ਰਵਨ ਸੁਨਾਵਨਾ ॥
  ਤੁਧੁ ਆਵਤ ਮੇਰਾ ਮਨੁ ਤਨੁ ਹਰਿਆ, ਹਰਿ ਜਸੁ ਤੁਮ ਸੰਗਿ ਗਾਵਨਾ ॥ (ਪੰਨਾ ੧੦੧੮)
– ਆਇ ਮਿਲੁ ਗੁਰਸਿਖ ਆਇ ਮਿਲੁ, ਤੂ ਮੇਰੇ ਗੁਰੂ ਕੇ ਪਿਆਰੇ ॥ (ਪੰਨਾ ੭੨੫)
– ਆਉ ਹਮਾਰੈ ਰਾਮ ਪਿਆਰੇ ਜੀਉ ॥ ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥
  ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ ॥ ਤੁਧ ਬਿਨੁ ਕਿਤੁ ਬਿਧਿ ਤਰੀਐ ਜੀਉ ॥ (ਪੰਨਾ ੨੩੭)
– ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥ ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ (੯੫)
– ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥ ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥ (੯੬)
– ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆ ॥
  ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆ ॥ (ਪੰਨਾ ੧੭)
– ਆਵਹੁ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥
  ਗੁਰਮੁਖਿ ਮਿਲਿ ਰਹੀਐ, ਘਰਿ ਵਾਜਹਿ ਸਬਦ ਘਨੇਰੇ ਰਾਮ ॥ (ਪੰਨਾ ੭੭੫)

ਇਨ੍ਹਾਂ ਪ੍ਰੇਮ-ਸੱਦਿਆਂ ਦੇ ਪੁਜਣ ਦੀ ਦੇਰ ਹੁੰਦੀ ਕਿ ਚਿਰੀ-ਵਿਛੁੰਨੇ ਸਜਣਾਂ ਦੇ ਦਰਸ਼ਨ ਪਰਸਣ ਲਈ ਅਤੇ "ਇਕ ਪਿਆਰੇ" ਦੇ ਮਿਲਣ ਦੀ ਤਾਂਘ ਦੇ ਬੀਧੇ ਪ੍ਰੇਮ-ਮਾਰਗ ਦੇ ਪਾਂਧੀ, ਪ੍ਰੇਮ-ਸਮਾਗਮਾਂ ਅੰਦਰ ਪੁਜਣ ਲਈ ਤਿਆਰੇ ਕਸ ਲੈਂਦੇ। ਹਰਿ ਕੀਰਤਨ ਦੇ ਅਹਾਰੀ, ਨਾਮ ਮਹਾਂ-ਰਸ ਦੇ ਮੁਸ਼ਤਾਕ ਭਵਰੇ, ਪ੍ਰਿੰਮ-ਪੀਰ ਦੇ ਬੇਧੇ ਪ੍ਰੇਮ-ਸੰਜੋਗੀ ਵੀਰੜੇ "ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥ (੩੮੬) ਗੁਰ-ਹੁਕਮਾਂ ਦੀ ਕਾਰ ਕਮਾਂਦੇ ਹੋਏ ਨਾਮ-ਰੰਗਾਂ ਵਿਚ ਗੁਰ ਬਾਣੀ ਦੀਆਂ ਮਿਠੀਆਂ ਧੁਨਾਂ ਅਲਾਪਦੇ ਹੋਏ ਸੰਗੀਆਂ ਸਾਥੀਆਂ ਸਮੇਤ



www.AKJ.Org

ਸਮਾਗਮ-ਅਸਥਾਨ ਤੇ ਜਾ ਪੁਜਦੇ, ਉਥੇ ਸਿਕਾਂ ਸਿਕਦੇ ਉਡੀਕਦੇ ਬਿਰਹੋਂ-ਵੈਰਾਗੀ ਗੁਰੂ ਪਿਆਰੇ ਅਗਲਵਾਂਢੀ ਹੋ ਕੇ ਪ੍ਰੇਮੀਆਂ ਨੂੰ ਧਾਈਆਂ ਕਰ ਕੇ ਆਏ ਮਿਲਦੇ ਅਤੇ ਇਕ ਦੂਜੇ ਦੀਆਂ ਨਾਮ-ਰੰਗਾਂ ਵਿਚ ਐਸੀਆਂ ਕਸਵੀਆਂ ਗਲਵਕੜੀਆਂ ਪੈ ਜਾਂਦੀਆਂ, ਜਿਵੇਂ ਕਿ ਕਈ ਜਨਮਾਂ ਦੇ ਵਿਛੜੇ ਮਿਲੇ ਹੁੰਦੇ ਹਨ। ਫਿਰ ਸਮਾਗਮਾਂ ਵਿਚ ਜੁੜ ਕੇ ਜੋ ਰੰਗ ਬਝਦੇ, ਉਹ ਕਹਿਣ ਕਥਨ ਤੋਂ ਬਾਹਰੇ ਹਨ। ਪ੍ਰਿਉ ਪ੍ਰਿਉ ਉਚਾਰਨਹਾਰੇ ਬਬੀਹੇ ਇਕ-ਰਸ ਤੇ ਇਕ-ਜ਼ਬਾਨ ਹੋ ਕੇ ਨਾਮ-ਬਾਣੀ ਦੀਆਂ ਧੁਨਾਂ ਐਸੇ ਰੰਗਾਂ ਵਿਚ ਅਲਾਪਦੇ ਕਿ ਆਲੇ ਦੁਆਲੇ ਦੀਆਂ ਕੰਧਾਂ ਕੋਠੇ ਵੀ ਗੂੰਜ ਉਠਦੇ ਅਤੇ ਸਾਰੇ ਵਾਯੂ-ਮੰਡਲ ਵਿਚ ਕੋਈ ਅਨੂਪਮ ਜਿਹੀ ਥੱਰਾਟ ਪੈਦਾ ਹੋ ਜਾਂਦੀ। ਕੀਰਤਨ-ਅਖਾੜੇ ਵਿਚ ਜੁੜੇ ਬੈਠੇ ਨਾਮ-ਬੀਧੇ ਭੌਰਿਆਂ ਨੂੰ ਇਧਰ ਉਧਰ ਝਾਕਣ ਦੀ ਸੁਧ ਬੁਧ ਹੀ ਨਾ ਰਹਿੰਦੀ ਅਤੇ ਕੋਈ ਪਤਾ ਨਾ ਰਹਿੰਦਾ ਕਿ ਕੋਈ ਕਿਵੇਂ ਬੈਠਾ ਕੋਕਲ-ਬਾਣੀਆਂ ਅਲਾਪ ਰਿਹਾ ਹੈ, ਹਰ ਕੋਈ ਆਪੋ ਆਪਣੇ ਹਾਲ ਵਿਚ ਹੀ ਮਸਤ-ਮਗਨਾਰ ਰਹਿੰਦਾ। ਇਸੇ ਦਸ਼ਾ ਵਿਚ ਜਾਗਦਿਆਂ ਦੀਆਂ ਕਈ ਦਿਨ-ਰਾਤਾਂ ਅੱਖਾਂ ਦੇ ਪਲਕਾਰੇ ਸਮੇਂ ਸਮਾਨ ਬੀਤ ਜਾਂਦੀਆਂ।

ਸਮਾਗਮਾਂ ਦੇ ਸੰਪੂਰਨ ਹੋਏ ਤੇ ਜਦੋਂ ਇਹ ਪ੍ਰੇਮ-ਬੀਧੇ ਰੰਗ-ਰਤੜੇ ਭਵਰੇ ਆਪੋ ਆਪਣੇ ਟਿਕਾਣਿਆਂ ਨੂੰ ਪਰਤਦੇ ਤਾਂ ਹਰਿ ਹਰਿ ਨਾਮ ਨੂੰ ਪੇਖਣਹਾਰੀਆਂ ਅੱਖੀਆਂ ਵਾਲੇ ਉਹ ਗੁਰਮੁਖ ਵੀਰ, ਉਸ ਵੇਲੇ ਦੇ ਵਿਛੋੜੇ ਦੇ ਬਿਰਹੋਂ-ਬੈਰਾਗ ਵਿਚ ਬਿਹਬਲ ਹੋ ਹੋ ਉਠਦੇ ਅਤੇ ਇਕ ਦੂਜੇ ਤੋਂ ਵਿਛੜਨਾ ਮੁਹਾਲ ਹੋ ਜਾਂਦਾ। ਅੰਤ ਵਿਛੜ ਰਹੇ ਵਿਜੋਗੀ ਵੀਰੜੇ ਆਉਂਦੇ ਸਮਾਗਮਾਂ ਦੀਆਂ ਸਿੱਕਾਂ ਹਿਰਦੇ ਵਿਚ ਲੈ ਕੇ ਇਕ ਦੂਜੇ ਨੂੰ ਜੁਹਾਰਾਂ ਕਰਦੇ ਹੋਏ ਆਪੋ ਆਪਣੇ ਪੈਂਡੇ ਪੈ ਜਾਂਦੇ, ਪਰ ਰਾਂਗ-ਰੰਗੀਲੜੇ ਸਜਣਾਂ ਦੀਆਂ ਮਿੱਠੀਆਂ ਮਿਲਣੀਆਂ ਨਾਲ ਸਰਸ਼ਾਰ ਹੋਏ ਅਤੇ ਕੰਨਾਂ ਵਿਚ ਗੂੰਜ ਰਹੀਆਂ ਕੀਰਤਨ-ਧੁਨੀਆਂ ਦੀ ਮਸਤੀ ਵਿਚ ਲਟਬੌਰੇ ਹੋਏ ਉਡਦੇ ਫਿਰਦੇ ਅਤੇ ਧਰਤੀ ਤੇ ਪੈਰ ਨਾ ਟਿਕਦੇ।

ਅੱਜ ਕੀਰਤਨ ਦੇ ਇਹ ਪ੍ਰੇਮ-ਅਖਾੜੇ ਥਾਉਂ ਥਾਈਂ ਸਜਦੇ ਹਨ, ਗੁਰੂ ਪਿਆਰੇ ਦੂਰਾਂ ਦੂਰਾਂ ਤੋਂ ਵੀ ਪੁਜਦੇ ਹਨ, ਕੀਰਤਨ ਦੀਆਂ ਗੂੰਜਾਂ ਲਾਊਡ-ਸਪੀਕਰਾਂ ਰਾਹੀਂ ਦੂਰ ਦੂਰ ਤਕ ਪਹੁੰਚਾਈਆਂ ਜਾਂਦੀਆਂ ਹਨ। ਬੇਅੰਤ ਸੰਗਤਾਂ ਇਕੱਠੀਆਂ ਹੁੰਦੀਆਂ ਹਨ ਤੇ ਪ੍ਰਸੰਨ ਹੋ ਹੋ ਜਾਂਦੀਆਂ ਹਨ। ਪਰ ਪੁਰਾਣੀਆਂ ਯਾਦਾਂ ਨੂੰ ਸਾਹਮਣੇ ਰਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਸਮੂਹ ਪਿਆਰਿਆਂ ਦੇ ਉਹ ਪ੍ਰੇਮ-ਪਿਆਰ ਵਾਲੇ ਮਿਲਾਪ, ਇਕ ਦੂਜੇ ਤੋਂ ਵਾਰਨੇ ਬਲਿਹਾਰਨੇ ਜਾਣ ਦੀਆਂ ਸਿਕਾਂ ਅਤੇ ਉਹ ਪ੍ਰੇਮ-ਮਿਲਣੀਆਂ ਸੁਪਨਾ ਹੀ ਹੁੰਦੀਆਂ ਜਾ ਰਹੀਆਂ ਹਨ। ਪ੍ਰੇਮ-ਪਿਆਰ ਦੀਆਂ ਤੰਦਾਂ ਪੀਡੀਆਂ ਹੋਣ ਦੀ ਥਾਂ ਢਿਲੀਆਂ ਹੋ ਰਹੀਆਂ ਹਨ। ਅਸੀਂ ਇਕ ਦੂਜੇ ਦੇ ਗੁਣ ਅਵਗੁਣ ਨਾ ਫਰੋਲੀਏ, ਸਗੋਂ ਇਨ੍ਹਾਂ ਗੁਰਵਾਕਾਂ ਦੇ ਸਨਮੁਖ ਰਹੀਏ—

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥
ਲੀਆ ਤ ਦੀਆ ਮਾਨੁ ਜਿਨ ਸਿਉ, ਸੇ ਸਜਨ ਕਿਉ ਵੀਸਰਹਿ ॥
ਜਿਨ੍ ਦਿਸਿ ਆਇਆ ਹੋਹਿ ਰਲੀਆ, ਜੀਅ ਸੇਤੀ ਗਹਿ ਰਹਹਿ ॥
ਸਗਲ ਗੁਣ, ਅਵਗੁਣ ਨ ਕੋਈ, ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥

ਅਤੇ—ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਾ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ (ਸੂਹੀ ਛੰਤ ਮ: ੧, ਪੰਨਾ ੭੬੫-੬੬)

ਹੋਰ ਗੁਣ ਅਵਗੁਣ ਤਾਂ ਘੋਖਣੇ ਇਕ ਪਾਸੇ ਰਹੇ, ਕਈ ਥਾਈਂ ਪੋਥੀ-ਕੀਰਤਨ ਅਤੇ ਕੰਠਾਗਰ-ਕੀਰਤਨ ਕਰਕੇ ਇਕ ਦੂਜੇ ਤੋਂ ਪਰੇਡੇ ਹੁੰਦੇ ਵੇਖੇ ਜਾ ਰਹੇ ਹਨ। ਬਾਣੀ ਕੰਠਾਗਰ ਹੋਣੀ ਗੁਰੂ ਕੀ ਮਹਾਨ ਬਖਸ਼ਸ਼ ਹੈ। ਭਾਗਾਂ ਵਾਲੇ ਗੁਰੂ ਕੇ ਲਾਲ ਇਸ ਬਖ਼ਸ਼ਸ਼ ਦੇ ਪਾਤਰ ਬਣਦੇ ਹਨ। ਪਰ ਜੇ ਕੋਈ ਪ੍ਰੇਮੀ ਪੋਥੀ ਤੋਂ ਕੀਰਤਨ, ਜੁੜ ਕੇ ਰੰਗ-



www.AKJ.Org

ਰਤੀ ਦਸ਼ਾ ਵਿਚ ਕਰਦਾ ਹੈ ਤਾਂ ਇਹ ਵੀ ਸਤਿਗੁਰੂ ਦੀ ਬਖਸ਼ਸ਼ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਅਸੀਂ ਵਕਤੇ ਤੇ ਸਰੋਤੇ, ਇਸ ਇਲਾਹੀ ਰਸ ਵਿਚ ਗੜੂੰਦ ਹੋਈਏ, ਨਾ ਕਿ ਇਨ੍ਹਾਂ ਦੋਹਾਂ ਪੱਖਾਂ ਨੂੰ ਅਧਾਰ ਬਣਾ ਕੇ ਧੜਿਆਂ ਵਿਚ ਵਟ ਜਾਈਏ। ਗੁਰਸਿਖੀ ਗੁਣਾਂ ਦੀ ਸਾਂਝ ਸਿਖਾਂਦੀ ਹੈ। ਗੁਰਸਿਖ ਨੇ ਸਦਾ ਹੀ ਨਿਰੋਲ ਧਰਮ ਨਾਲ ਹੀ ਸਾਂਝ ਪਾਉਣੀ ਹੈ। ਸੋ ਗੁਰਮਤਿ ਪ੍ਰਮਾਰਥੀ ਧਰਮ ਨੂੰ ਧੜਾ ਬਣਾ ਕੇ ਪੂਰੇ ਤੋਲ ਤੁਲਣ ਦਾ ਜਤਨ ਕਰਨਾ ਬਣਦਾ ਹੈ। ਕੰਠਾਗਰ ਬਾਣੀ ਦੀ ਬਖ਼ਸ਼ਸ਼ ਪ੍ਰਾਪਤ ਕਰ ਕੇ ਉਹਨਾਂ ਵੀਰਾਂ ਭੈਣਾਂ ਨੂੰ ਪ੍ਰੇਮ ਨਾਲ ਆਪਣੇ ਨੇੜੇ ਕਰੀਏ, ਜਿਨ੍ਹਾਂ ਤੇ ਅਜੇ ਇਹ ਬਖ਼ਸ਼ਸ਼ ਨਹੀਂ ਹੋਈ। ਤੁਹਾਡਾ ਪਿਆਰ, ਤੁਹਾਡੀ ਖਿਚ, ਤੁਹਾਡੀ ਅਰਦਾਸ ਉਨ੍ਹਾਂ ਪਿਆਰਿਆਂ ਨੂੰ ਵੀ ਇਸ ਬਖ਼ਸ਼ਸ਼ ਦਾ ਪਾਤਰ ਬਣਾ ਸਕੇਗੀ। ਪਰ ਨਫ਼ਰਤ ਕੀਤਿਆਂ ਅਸੀਂ ਆਪ ਵੀ ਘਾਟੇ ਵਿਚ ਜਾਵਾਂਗੇ ਅਤੇ ਪ੍ਰੇਮ-ਪਿਆਰ ਵਾਲੇ ਸਾਜਨ ਵੀ ਇਕ ਦੂਜੇ ਤੋਂ ਦੂਰ ਹੁੰਦੇ ਜਾਣਗੇ। ਅਰਦਾਸ ਕਰੀਏ ਕਿ ਸਤਿਗੁਰੂ ਪਾਤਸ਼ਾਹ "ਹਰਿ ਨਾਮੈ ਕੇ ਹੋਵਹੁ ਜੋੜੀ" ਵਾਲੇ ਉਹ ਪਹਿਲੇ ਰੰਗ ਬਖ਼ਸ਼ਣ ਅਤੇ ਪ੍ਰੇਮ ਅਖਾੜੇ ਦੇ ਸਭ ਪ੍ਰੇਮੀਆਂ ਨੂੰ ਪ੍ਰੇਮ-ਤਾਰ ਵਿਚ ਪਰੋਤੇ ਰਖਣ ਦੀ ਕਿਰਪਾ-ਦ੍ਰਿਸ਼ਟੀ ਕਰਦੇ ਰਹਿਣ।

ਨੋਟ–ਇਸ ਲੇਖ ਵਿਚ ਬਹੁਤੀ ਸ਼ਬਦਾਵਲੀ ਭਾ: ਸਾ: ਰਣਧੀਰ ਸਿੰਘ ਜੀ ਲਿਖਤ ਲੇਖ 'ਪ੍ਰੇਮ-ਸੁਨੇਹੜੇ' ('ਗੁਰਮਤਿ ਲੇਖ' ਨਾਮੀ ਪੁਸਤਕ) ਵਿਚੋਂ ਹੈ। ਇਸ ਲੇਖ ਦੀ ਸਾਰੀ ਵਾਰਤਕ ਨਹੀਂ ਦਿਤੀ ਗਈ, ਸਗੋਂ ਵਿਚੋਂ ਵਿਚੋਂ ਸ਼ਬਦ ਲਏ ਗਏ ਹਨ।

---

## ਭਾ. ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਸਕੀਮ

ਇਸ ਸਕੀਮ ਦੇ ਅਧੀਨ ਵੈਸਾਖੀ ਸਮੇਂ ਅਖੰਡ ਕੀਰਤਨ ਸਮਾਗਮ ਤੇ ੨੦ ਸਾਲ ਤੋਂ ਘਟ ਉਮਰ ਦੇ ਬੱਚਿਆਂ ਦੀ ਗੁਰਬਾਣੀ ਕੀਰਤਨ ਦੀ ਪ੍ਰੀਖਿਆ ਲਈ ਜਾਂਦੀ ਹੈ। ਆਸਾ ਦੀ ਵਾਰ, ੨੪ ਛਕੇ ਅਤੇ ਘਟੋ ਘਟ ੨੪ ਸ਼ਬਦ ਛਕਿਆਂ ਦੇ ਭਾਵਾਂ ਨਾਲ ਰਲਦੇ ਮਿਲਦੇ ਕੰਠਾਗਰ ਹੋਣੇ ਜ਼ਰੂਰੀ ਹਨ। ਕਾਮਯਾਬ ਬੱਚਿਆਂ ਨੂੰ ਸਮਾਗਮ ਵਿਚ ਯੋਗ ਸੇਵਾ ਭੇਟ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਪ੍ਰੀਖਿਆ ਦੇਣ ਵਾਲੇ ਬੱਚੇ ਲੋੜੀਦਾ ਫ਼ਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ ੩੧ ਮਾਰਚ ਤਕ ਇਸੇ ਪਤੇ ਤੇ ਭਰ ਭੇਜਣ। ਫਾਰਮ ਮੰਗਾਣ ਤੇ ਭੇਜਣ ਦਾ ਪਤਾ–

ਸ: ਬਲੀਬਰ ਸਿੰਘ ਜੀ, ੨੩–ਜੀ, ਸਰਾਭਾ ਨਗਰ, ਲਧਿਆਣਾ।

---

**ਪਾਠਕ ਜੀ–** ਚਿਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਲਿਖਣਾ ਅਤਿ ਜ਼ਰੂਰੀ ਹੈ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਜੇ ਪਰਚਾ ੧੫ ਤਰੀਕ ਤਕ ਨਾ ਪੁਜੇ ਤਾਂ ਗੁੰਮ ਗਿਆ ਸਮਝ ਕੇ ਦੁਬਾਰਾ ਪਰਚਾ ਭੇਜਣ ਲਈ ਕਾਰਡ ਲਿਖੋ ਜੀ।

---

## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਰੰਗਲੇ ਸਜਣ | ੭-੭੦ |
| ਅਣਡਿਠੀ ਦੁਨੀਆ | ੧੦-੦੦ | ਦਰਸ਼ਨ ਝਲਕਾਂ | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਉਮਰ ਕੈਦੀ ਦਾ ਸੁਪਨਾ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਸਿੱਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ (ਕਾਵਿ) | ੦-੮੦ |



www.AKJ.Org

# ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ

[ਬਿਲਾਵਲੁ ਅਸ: ਮ: ੧

(ਡਾਕਟਰ ਰਣਨ ਸਿੰਘ ਜੀ ਜੱਗੀ)

'ਗੁਰਮੁਖ' ਦੇ ਵਿਪਰੀਤ ਗੁਰਬਾਣੀ ਵਿਚ ਮਨੁੱਖ ਦਾ ਦੂਜਾ ਵਰਗ 'ਮਨਮੁੱਖ' ਦਾ ਹੈ। ਇਸ਼ ਦੀ ਪਰਿਭਾਸ਼ਾ ਦਿੰਦਿਆਂ ਭਾਈ ਕਾਨ੍ਹ ਸਿੰਘ ਜੀ ਨੇ ਕਿਹਾ ਹੈ ਕਿ ਜਿਸ ਨੇ ਆਪਣੇ ਮਨ (ਸੰਕਲਪ) ਨੂੰ ਹੀ ਮੁੱਖ ਜਾਣਿਆ ਹੈ ਉਹ 'ਮਨਮੁਖ' ਹੈ।

ਮੇਰੀ ਸਮਝ ਅਨੁਸਾਰ ਗੁਰਬਾਣੀ ਵਿਚ 'ਮਨਮੁਖ' ਸ਼ਬਦ ਅਜਿਹੇ ਵਿਅਕਤੀ ਲਈ ਵਰਤਿਆ ਗਿਆ ਹੈ ਜੋ ਮਨ ਦੇ ਅਨੁਕੂਲ ਜਾਂ ਮਨ ਵਲ ਝੁਕ ਕੇ ਆਪਣਾ ਜੀਵਨ ਬਿਤਾਂਦਾ ਹੈ। ਮਨ ਦੇ ਵੀ ਦੋ ਰੂਪ ਹਨ—ਪ੍ਰਕਾਸ਼ਮਈ ਮਨ ਅਤੇ ਅਧਿਕਾਰਮਈ ਮਨ। ਜਿਸ ਦਾ ਮਨ ਪ੍ਰਕਾਸ਼ਿਤ ਹੈ ਉਸ ਨੂੰ ਵਾਸਤਵਿਕਤਾ ਦਾ ਬੋਧ ਹੈ, ਇਸ ਲਈ ਉਹ ਗੁਰਮੁਖ ਹੈ। ਪਰ ਜਿਸ ਮਨੁੱਖ ਦਾ ਮਨ ਅੰਧਕਾਰਮਈ ਹੈ ਜਾਂ ਜਿਸ ਦੇ ਮਨ ਵਿਚ ਅਗਿਆਨ ਦਾ ਹਨੇਰਾ ਹੈ, ਉਹ ਵਾਸਤਵਿਕਤਾ ਦਾ ਬੋਧ ਨਾ ਰੱਖਣ ਕਾਰਨ ਸੰਸਾਰਿਕਤਾ ਨੂੰ ਹੀ ਆਪਣਾ ਸਭ ਕੁਝ ਸਮਝ ਲੈਂਦਾ ਹੈ। ਉਹ ਪਰਮਾਰਥਿਕ ਆਨੰਦ ਵਲ ਧਿਆਨ ਹੀ ਨਹੀਂ ਦਿੰਦਾ।

ਗੁਰੂ ਨਾਨਕ ਦੇਵ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਅਜਿਹੇ ਸਮੇਂ ਵਿਚ ਇਸ ਸੰਸਾਰ ਤੇ ਆਏ ਸਨ ਜਦੋਂ ਹਰ ਪਾਸੇ ਪਾਖੰਡ ਅਤੇ ਬਾਹਰਲੇ ਅਡੰਬਰਾਂ ਦਾ ਪਾਸਾਰ ਸੀ। ਧਰਮ ਦਾ ਵਾਸਤਵਿਕ ਰੂਪ ਲਗਪਗ ਲੁਪਤ ਹੋ ਚੁਕਿਆ ਸੀ ਅਤੇ ਮਨੁੱਖ ਜਾਤਿ ਆਪਣੇ ਜੀਵਨ-ਮਨੋਰਥ ਨੂੰ ਛੱਡ ਕੇ ਕਰਮ-ਕਾਂਡਾਂ ਵਿਚ ਮਗਨ ਸੀ। ਗੁਰੂ ਨਾਨਕ ਦੇਵ ਨੇ ਥਾਂ ਥਾਂ ਤੇ ਜਾ ਕੇ ਜਨ-ਸਾਧਾਰਨ ਅਤੇ ਉਸ ਦੇ ਤਥਾ-ਕਥਿਤ ਧਾਰਮਿਕ ਆਗੂਆਂ ਨੂੰ ਸਮਝਾਇਆ ਅਤੇ ਉਨ੍ਹਾਂ ਨੂੰ ਸਨਮਾਰਗ ਉੱਤੇ ਲਿਆਂਦਾ। ਪਰ ਅਜਿਹੇ ਵਿਅਕਤੀ ਵੀ ਉਹਨਾਂ ਨੂੰ ਮਿਲੇ ਜਿਨ੍ਹਾਂ ਨੇ ਸਰੇਸ਼ਠ ਉਪਦੇਸ਼ ਨੂੰ ਗ੍ਰਹਿਣ ਨਹੀਂ ਕੀਤਾ। ਅਧਿਆਤਮਿਕਤਾ ਤੋਂ ਵਾਂਝੇ ਅਜਿਹੇ ਮਨੁੱਖਾ ਲਈ ਗੁਰੂ ਜੀ ਨੇ 'ਮਨਮੁੱਖ' ਸ਼ਬਦ ਦੀ ਵਰਤੋਂ ਕੀਤੀ।

ਮਨਮੁਖ ਵਿਅਕਤੀ ਦਾ ਸਮੁੱਚਾ ਸੁਭਾਅ ਅਤੇ ਸਰੂਪ ਚਿਤਰਦੇ ਹੋਇਆ ਗੁਰੂ ਸਾਹਿਬ ਨੇ ਦਸਿਆ ਕਿ ਮਨਮੁਖ ਵਿਅਕਤੀ ਪੱਥਰ ਦੀ ਸਿਲ੍ਹ ਵਾਂਗ ਕਠੋਰ ਹੈ। ਉਹ ਗੰਦਾ ਘਿਨੌਣਾ ਅਤੇ ਭਿਆਨਕ ਹੈ। ਉਹ ਕੇਵਲ ਕਥਨ ਕਰਨਾ ਜਾਣਦਾ ਹੈ, ਕਰਨੀ ਵਿਚ ਵਿਸ਼ਵਾਸ ਨਹੀਂ ਰੱਖਦਾ। ਉਸਦਾ ਸੁਭਾਅ ਪਸ਼ੂਆਂ ਵਰਗਾ ਹੈ,ਉਹ ਅਧਿਆਤਮਿਕ ਅਨੁਸ਼ਾਸਨ ਵਿਚ ਯਕੀਨ ਨਹੀਂ ਰੱਖਦਾ, ਸਦਾ ਝੂਠ ਵਿਚ ਗ੍ਰਸਿਆ ਰਹਿੰਦਾ ਹੈ। ਹਰਿ ਭਗਤੀ ਲਈ ਉਹ ਸਦਾ ਆਲਸੀ ਬਣਿਆ ਰਹਿੰਦਾ ਹੈ ਅਤੇ ਸੰਸਾਰਿਕਤਾ ਵਿਚ ਉਹ ਬਹੁਤ ਅਧਿਕ ਖਚਿਤ ਹੁੰਦਾ ਹੈ। ਉਹ ਮਲੀਨ ਸੁਭਾਅ ਵਾਲਾ ਆਚਰਣਿਕ ਤੌਰ ਤੇ ਬਹੁਤ ਕਮਜ਼ੋਰ ਹੈ। ਮਰਣ ਉਪਰੰਤ ਵੀ ਉਸ ਦਾ ਜੀਵਨ ਨਾਰਕੀ ਸਿੱਧ ਹੁੰਦਾ ਹੈ।

ਮਨਮੁੱਖ ਵਿਅਕਤੀ ਦੇ ਮਨ ਵਿਚ ਵੈਰਾਗ ਦੀ ਮਾੜੀ ਜਿੰਨੀ ਭਾਵਨਾ ਪੈਦਾ ਹੋਣ ਨਾਲ ਉਹ ਘਰ ਨੂੰ ਛੱਡ ਕੇ ਦੁਆਰ-ਦੁਆਰ ਤੇ ਘੁੰਮਦਾ ਫਿਰਦਾ ਹੈ ਅਤੇ ਆਪਣਾ ਪੇਟ ਭਰਨ ਲਈ ਹੋਰਨਾਂ ਦੇ ਘਰਾਂ ਵਲ ਝਾਕਦਾ ਹੈ। ਇਸ ਤਰ੍ਹਾਂ ਉਹ ਆਪਣੇ ਗ੍ਰਿਹਸਥ ਧਰਮ ਨੂੰ ਨਸ਼ਟ ਕਰ ਦਿੰਦਾ ਹੈ। ਸਤਿਗੁਰੂ ਦੇ ਨਾ-ਮਿਲਣ ਕਰਕੇ ਦੁਰਮਤਿ ਦੇ ਚੱਕਰ ਵਿਚ ਦੇਸ਼-ਦੇਸ਼ਾਂਤਰਾਂ ਵਿਚ ਭਟਕਦਾ ਫਿਰਦਾ ਹੈ, ਧਰਮ ਗ੍ਰੰਥਾਂ ਦਾ ਪਾਠ ਕਰ ਕਰ ਕੇ ਥੱਕ ਜਾਂਦਾ ਹੈ, ਪਰ ਉਸ ਦੀ ਤ੍ਰਿਸ਼ਨਾ ਹੋਰ ਵੀ ਜਿਆਦਾ ਵਧਦੀ ਹੈ। ਉਹ ਕੇਵਲ ਪਸ਼ੂਆਂ ਵਾਂਗ ਆਪਣਾ ਢਿੱਡ ਭਰਦਾ ਹੋਇਆ ਜੀਵਨ ਬਿਤਾਂਦਾ ਹੈ—

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥ ੧ ॥ (ਮਾਰੂ ਮਹਲਾ ੧, ਪੰਨਾ ੧੦੧੨)



www.AKJ.Org

ਸਾਰਾਂਸ਼ ਇਹ ਕਿ ਮਨਮੁਖ ਇਕ ਅਜਿਹਾ ਮਨੁੱਖ ਹੈ ਜੋ ਹਰ ਤਰ੍ਹਾਂ ਦੇ ਅਧਿਆਤਮਿਕ ਕੰਮਾਂ ਤੋਂ ਬੇਮੁਖ ਹੋ ਕੇ ਪੂਰੀ ਤਰ੍ਹਾਂ ਸੰਸਾਰਕਿਤਾ ਵਿਚ ਲੀਨ ਹੋ ਚੁੱਕਾ ਹੋਵੇ ਅਤੇ ਵਿਸ਼ੇ ਵਾਸ਼ਨਾਵਾਂ ਦੇ ਚੰਗੀ ਤਰ੍ਹਾਂ ਵਸ ਵਿਚ ਹੋਵੇ, ਜਿਸ ਤੋਂ ਕਿਸੇ ਤਰ੍ਹਾਂ ਦੇ ਉੱਤਮ ਜਾਂ ਸ਼ੁਭ ਕਰਮਾਂ ਦੀ ਆਸ ਨਾ ਹੋਵੇ ਅਤੇ ਜੋ ਆਪਣੇ ਜੀਵਨ ਦੀ ਬੇੜੀ ਨੂੰ ਪਾਪ ਰੂਪੀ ਪੱਥਰਾਂ ਨਾਲ ਭਰ ਕੇ ਮੋਹ ਵਿਕਾਰ ਦੀਆਂ ਲਹਿਰਾਂ ਭਰੇ ਸੰਸਾਰ ਸਾਗਰ ਵਿਚ ਠਿਲ੍ਹ ਚੁੱਕਾ ਹੋਵੇ ਅਤੇ ਜਿਸ ਦੇ ਸਮੂਲ ਨਾਸ਼ ਹੋਣ ਵਿਚ ਕੋਈ ਕਸਰ ਬਾਕੀ ਨਾ ਰਹਿ ਗਈ ਹੋਵੇ ।

ਗੁਰਬਾਣੀ ਵਿਚ 'ਮਨਮੁਖ' ਨੂੰ 'ਸਾਕਤ' ਵੀ ਕਿਹਾ ਗਿਆ ਹੈ ।

'ਸਾਕਤ' ਸ਼ਬਦ ਦਾ ਦੂਜਾ ਸਰੋਤ ਅਰਬੀ ਭਾਸ਼ਾ ਦਾ ਹੈ । ਉਥੇ ਪਤਿਤ ਜਾਂ ਨਿਕੰਮੇ ਆਦਮੀ ਨੂੰ ਸਾਕਤ ਕਿਹਾ ਜਾਂਦਾ ਹੈ । ਇਸ ਤਰ੍ਹਾਂ ਪਹਿਲੇ ਸਰੋਤ ਵਾਲੇ ਸ਼ਬਦ ਦਾ ਵਿਹਾਰਿਕ ਰੂਪ ਦੂਜੇ ਸਰੋਤ ਵਾਲੇ ਸ਼ਬਦ ਨਾਲ ਕਾਫ਼ੀ ਮੇਲ ਖਾਂਦਾ ਹੈ । ਭਾਈ ਕਾਨ੍ਹ ਸਿੰਘ ਜੀ ਅਨੁਸਾਰ ਜੋ ਧਰਮ ਅਤੇ ਅਖ਼ਲਾਕ (ਆਚਰਣ) ਤੋਂ ਪਤਿਤ ਅਤੇ ਕਰਤਾਰ ਨਾਲੋਂ ਬੇਮੁਖ ਹੋ ਕੇ ਵਿਚਾਰਾਂ ਵਿਚ ਲੀਨ ਹੁੰਦਾ ਹੈ, ਉਸ ਦਾ ਨਾਂ 'ਸਾਕਤ' ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਾਕਤ ਵਿਅਕਤੀ ਝੂਠ ਅਤੇ ਕਪਟ ਵਿਚ ਵਿਸ਼ਵਾਸ ਰੱਖਦਾ ਹੈ, ਦਿਨ ਰਾਤ ਅਨੇਕ ਤਰ੍ਹਾਂ ਦੀ ਨਿੰਦਿਆ ਕਰਦਾ ਹੈ, ਉਹ ਬਾਰ ਬਾਰ ਜੂਨਾਂ ਵਿਚ ਆਉਂਦਾ ਹੈ, ਉਸ ਲਈ ਜਮ ਦਾ ਭੈ ਸਦਾ ਬਣਿਆ ਰਹਿੰਦਾ ਹੈ ਅਤੇ ਕਦੇ ਵੀ ਪਾਪਾਂ ਦੇ ਭਾਰ ਤੋਂ ਖਲਾਸ ਨਹੀਂ ਹੁੰਦਾ—

ਸਾਕਤ ਕੂੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥
ਸਾਕਤ ਜਮ ਕੀ ਕਾਣਿ ਨ ਚੂਕੇ ॥ ਜਮ ਕਾ ਡੰਡੁ ਨ ਕਬਹੂ ਮੂਕੇ ॥
ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥

[ਮਾਰੂ ਮਹਲਾ ੧, ਪੰਨਾ ੧੦੩੦]

ਸਪੱਸ਼ਟ ਹੈ ਕਿ ਸਾਕਤ ਦਾ ਲੱਛਣ ਅਤੇ ਸਰੂਪ ਮਨਮੁਖ ਵਰਗਾ ਹੀ ਹੈ । ਅਸਲ ਵਿਚ ਗੁਰਮੁਖ ਅਤੇ ਮਨਮੁਖ ਕਿਸੇ ਸਮਾਜ ਦੀਆਂ ਚੰਗੀਆਂ ਅਤੇ ਮਾੜੀਆਂ ਪ੍ਰਵਿਰਤੀਆਂ ਦੇ ਪ੍ਰਤੀਕ ਹਨ । ਮਨਮੁਖ ਆਪਣੇ ਕੁਕਰਮਾਂ ਕਰਕੇ ਸਮਾਜ ਵਿਚ ਅਸੰਤੁਲਨ ਪੈਦਾ ਕਰਦੇ ਹਨ । ਇਹ ਮਨੁੱਖ ਦਾ ਮਨੁੱਖੀ ਗੁਣਾਂ ਤੋਂ ਵਾਂਝਿਆ ਜਾਂ ਅਣਮਨੁੱਖੀ ਰੂਪ ਹੈ । ਅਵਗੁਣਾਂ ਦਾ ਤਿਆਗ ਕਰ ਕੇ ਸੱਚਾ ਮਨੁੱਖ ਬਣਨਾ ਹੀ ਗੁਰਬਾਣੀ ਦਾ ਮੁੱਖ ਸੰਦੇਸ਼ ਹੈ । ਇਸੇ ਨਾਲ ਸਮਾਜ ਦਾ ਭਲਾ ਹੁੰਦਾ ਹੈ ।

ਅਜੀਤ, ੪-੧੧-੮੬


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | | | ੧-੦੦ |
| ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ | | | ੦-੫੦ |
| ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ-ਭਰੇ ਲੇਖ ਸ਼ਾਮਲ ਹਨ) | | | ੬-੦੦ |
| ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ | | | ੧-੦੦ |





www.AKJ.Org

# ਸ੍ਰੀ ਅਕਾਲ ਤਖਤ ਸਾਹਿਬ–ਖਾਲਸਾ ਪਾਰਲੀਮੈਂਟ

ਸਰਬ ਸ਼ਕਤੀਮਾਨ ਅਕਾਲ ਪੁਰਖ ਦੇ ਹੁਕਮ ਵਿਚ ਦੁਸ਼ਟ-ਦਮਨ, ਸੂਰਮੇ ਸਤਿਗੁਰੂ ਨੇ ਧਰਤੀ ਤੇ ਧਰਮ ਵਰਤਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ। ਸ੍ਰੀ ਅਕਾਲ ਤਖਤ, ਖਾਲਸਾ ਸਿਧਾਂਤ ਦਾ ਮੁਹਾਫ਼ਜ਼ ਤੇ ਹਲਤ ਪਲਤ ਦਾ ਰਾਖਾ ਹੈ। ਸ੍ਰੀ ਅਕਾਲ ਤਖਤ ਸਾਹਿਬ ਸਿੱਖ ਧਰਮ ਦੀ ਸੁਪਰੀਮ ਖਾਲਸਾ ਪਾਰਲੀਮੈਂਟ ਹੈ।

ਸ਼ਰੋਮਣੀ ਅਕਾਲੀ ਦਲ, ਸ੍ਰੀ ਅਕਾਲ ਤਖਤ ਦੀ ਨੁਮਾਇੰਦਾ ਕੌਮੀ ਜਮਾਤ ਹੈ, ਜਿਸ ਦਾ ਪ੍ਰਮੁਖ ਨਿਸ਼ਾਨਾ ਖਾਲਸਾ ਜੀ ਦਾ ਬੋਲ-ਬਾਲਾ ਅਤੇ ਸਰਬੱਤ ਦਾ ਭਲਾ ਹੈ।

ਸ਼ਰੋਮਣੀ ਅਕਾਲੀ ਦਲ ਦੀ ਵਾਗ-ਡੋਰ ਸਦਾ ਸ੍ਰੀ ਅਕਾਲ ਤਖਤ ਸਾਹਿਬ ਦੇ ਹੱਥ ਰਹੀ ਹੈ। ਹੁਣ ਜਦ ਕੁਰਸੀਆਂ ਦੇ ਭੁਖੇ ਕੁਝ ਆਪ-ਹੁਦਰੇ ਵਿਅਕਤੀਆਂ ਵਲੋਂ ਸ਼ਰੋਮਣੀ ਅਕਾਲੀ ਦਲ ਦੀ ਸ਼ੋਭਾ ਤੇ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਲਈ ਇਸ ਨਾਲ ਵੱਖ ਵੱਖ ਨਾਂ ਜੋੜ ਕੇ ਵਖ ਵਖ ਢਾਣੀਆਂ ਬਣਾਈਆਂ ਹੋਈਆਂ ਹਨ, ਇਸ ਆਪੋ-ਧਾਪੀ ਦੀ ਹਾਲਤ ਵਿਚ ਸ੍ਰੀ ਅਕਾਲ ਤਖਤ ਸਾਹਿਬ ਨੇ ਇਹ ਸਾਰੀਆਂ ਢਾਣੀਆਂ ਭੰਗ ਕਰ ਕੇ ਸ਼ਰੋਮਣੀ ਅਕਾਲੀ ਦਲ ਨੂੰ ਸਿੱਧਾ ਆਪਣੇ ਨਾਲ ਜੋੜ ਕੇ ਅਤਿ ਲੋੜੀਂਦਾ ਮਹੱਤਵ-ਪੂਰਨ ਕਾਰਜ ਕੀਤਾ ਹੈ। ਅਖੰਡ ਕੀਰਤਨੀ ਜਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਇਸ ਮਹੱਤਵ-ਪੂਰਨ ਕਾਰਜ ਦੀ ਪ੍ਰਸ਼ੰਸਾ ਕਰਦਾ ਹੈ ਅਤੇ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਸਤਿਗੁਰੂ ਜੀ ਆਪਣੇ ਪੰਥ ਦੀ ਬਹੁੜੀ ਕਰਨ।

ਖਾਲਸਾ ਜੀ ਦਾ ਸੇਵਾਦਾਰ, ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ।

# ਧਰਮ ਤੇ ਸਿਆਸਤ ਦੀ ਭਾਈਵਾਲੀ
## ਇਕ ਸਰਵੇਖਣ

**ਧਰਮ–**

ਗੁਰਬਾਣੀ ਅਨੁਸਾਰ ਕਰਤਾ ਪੁਰਖ ਦੀ ਹੋਂਦ-ਹਸਤੀ ਤੇ ਪੂਰਨ ਵਿਸ਼ਵਾਸ ਅਤੇ ਉਸ ਵਿਚ ਲੀਨ ਹੋਣ ਲਈ ਨਾਮ ਸਿਮਰਨ ਕਰਨਾ ਮਨੁਖ ਮਾਤਰ ਦਾ ਪਰਮ ਧਰਮ ਹੈ :–

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (੨੬੬)

ਕਰਤਾ ਪੁਰਖ ਦੀ ਹਸਤੀ ਦੇ ਵਿਸ਼ਵਾਸੀ ਧਰਮੀ ਮਨੁਖ ਦਾ ਦ੍ਰਿਸ਼ਟੀ-ਕੋਣ ਸੁਤੇ-ਸਿਧ ਹੀ ਧਰਮ-ਪ੍ਰਭਾਵੀ ਹੁੰਦਾ ਹੈ। ਅਜਿਹਾ ਮਨੁਖ ਨਿਰਸੰਦੇਹ ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਦੈਵੀ ਗੁਣਾਂ ਦਾ ਧਾਰਨੀ ਤੇ ਸਰਬੱਤ ਦੇ ਭਲੇ ਦਾ ਇੱਛਕ ਹੁੰਦਾ ਹੈ।

ਸਤਿਗੁਰਾਂ ਨੇ ਦਸ ਜਾਮੇ ਧਾਰ ਕੇ ਧਰਮ ਨਿਬਾਹੁਣ ਦੇ ਪੂਰਨੇ ਪਾਏ, ਅਤੇ ਆਪਣੇ ਅਨੁਆਈਆਂ ਨੂੰ ਧਰਮ-ਮਾਰਗ ਤੇ ਚਲ ਕੇ ਵਿਸ਼ਵ-ਸੰਸਾਰ ਨੂੰ ਧਰਮ-ਸਾਲ ਬਨਾਉਣ ਦਾ ਵਲ ਸਿਖਾਇਆ :–

ਮੈ ਬਧੀ ਸਚੁ ਧਰਮਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥......
ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ (੭੪)

ਧਰਮ-ਮਾਰਗ ਦੇ ਪਾਂਧੀ ਧਾਰਮਿਕ ਵਿਅਕਤੀ ਦਾ ਕਰਤੱਵ ਦੁਵੱਲੀ ਹੁੰਦਾ ਹੈ। ਇਕ ਪਾਸੇ ਮਨ, ਬਚ, ਕਰਮ ਕਰਕੇ ਧਰਮ ਨੂੰ ਨਿਬਾਹੁਣਾ ਤੇ ਆਪਣੇ ਧਾਰਮਿਕ ਕਿਰਦਾਰ ਦੁਆਰਾ ਧਰਮ ਦਾ ਪਰਸਾਰ ਕਰਨਾ, ਦੂਜੇ ਪਾਸੇ ਅਧਰਮ ਦੇ ਟਾਕਰੇ ਲਈ ਹਰ ਕੁਰਬਾਨੀ ਕਰਨ ਲਈ ਤੱਤਪਰ ਰਹਿਣਾ। ਇਸ ਤਰ੍ਹਾਂ ਸਤ ਪੁਰਸ਼ਾਂ ਨੂੰ ਉਤਸ਼ਾਹਤ



www.AKJ.Org

ਕਰਨਾ ਅਤੇ ਅਧਰਮੀ ਦੁਸ਼ਟ ਦੋਖੀਆਂ ਨੂੰ ਸੋਧਣਾ ਪ੍ਰਬੋਧਣਾ ਵੀ ਧਰਮ ਦੇ ਹੀ ਕਾਰਜ-ਖੇਤਰ ਵਿਚ ਆਉਂਦਾ ਹੈ। ਇਹ ਹੈ ਮੀਰੀ ਤੇ ਪੀਰੀ ਦਾ ਸੁਮੇਲ :–

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥ ੪੨ ॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥

–ਬਚਿਤ੍ਰ ਨਾਟਕ ਪਾ: ੧੦, ਅਧਿ: ੬

**ਸਿਆਸਤ :–**

ਆਪਣੇ ਮੂਲ ਅਤੇ ਸ਼ੁਧ ਰੂਪ ਵਿਚ ਸਿਆਸਤ ਮਨੁਖ ਨੂੰ ਆਪਣੇ ਭਾਈਚਾਰੇ ਨਾਲ ਸਦ-ਭਾਵਨਾ ਵਾਲਾ ਵਤੀਰਾ ਹੀ ਸਿਖਾਂਦੀ ਹੈ। ਪਰ ਵਰਤਮਾਨ ਸਿਆਸਤ ਦਾ ਨਿਸ਼ਾਨਾ ਕੇਵਲ ਸੁਆਰਥ-ਸਿਧੀ ਹੀ ਬਣ ਗਿਆ ਹੈ। ਅਸੀਂ ਪ੍ਰਤੱਖ ਦੇਖ ਰਹੇ ਹਾਂ ਕਿ ਸਿਆਸੀ ਲੋਕ ਆਪਣੀ ਸੁਆਰਥ-ਸਿਧੀ ਲਈ ਹਰ ਜਾਇਜ਼ ਨਜਾਇਜ਼ ਹਰਬਾ ਨਿਸੰਗ ਹੋ ਕੇ ਵਰਤਦੇ ਹਨ।

ਹੋਰ ਸਿਆਸੀ ਪਾਰਟੀਆਂ ਨੂੰ ਛਡੋ, ਅਸੀਂ ਅਕਾਲੀ ਪਾਰਟੀ ਨੂੰ ਲੈਂਦੇ ਹਾਂ, ਜਿਹੜੀ ਧਰਮ ਤੇ ਸਿਆਸਤ ਨੂੰ ਸਾਂਝੀ ਮੰਨਦੀ ਹੈ। ਸਵਾਲ ਹੈ, ਕੀ ਵਾਕਿਆ ਈ ਅਕਾਲੀ ਸਿਆਸਤ ਧਰਮ ਜਿੰਨੀ ਸੁਛ ਤੇ ਨਿਰਮਲ ਹੈ? ਅੱਜ ਕਿਸ ਤੋਂ ਲੁਕਿਆ ਛਿਪਿਆ ਹੈ ਕਿ ਅਕਾਲੀ ਸਿਆਸਤ ਬਾਕੀ ਸਿਆਸੀ ਪਾਰਟੀਆਂ ਦੀ ਸਿਆਸਤ ਵਾਂਗ ਹੀ ਕੁਟਲ ਹੈ। ਆਪਣਾ ਉੱਲੂ ਸਿੱਧਾ ਕਰਨ ਲਈ ਗੱਲ ਗੱਲ ਤੇ ਝੂਠ ਬੋਲਣਾ, ਝਾਂਸੇ-ਬਾਜ਼ੀ ਕਰਨਾ ਅਜ ਦੇ ਸਿਆਸੀ ਲੋਕਾਂ ਦਾ ਕਿਰਦਾਰ ਹੈ। ਅਕਾਲੀ ਸਿਆਸਤ-ਦਾਨਾਂ ਦਾ ਇਹ ਵਾਧਾ ਹੈ ਕਿ ਉਹ ਇਹ ਸਾਰਾ ਕੂੜ ਕੁੱਸਤ ਧਰਮ ਦੇ ਨਾਂ ਥਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਰਦੇ ਹਨ। ਇਸ ਤਰ੍ਹਾਂ ਇਹ ਦੂਹਰੇ ਮੁਜਰਮ ਹਨ। ਸੱਚ ਤਾਂ ਇਹ ਹੈ ਕਿ ਧਰਮ ਦੀ ਕੁਵਰਤੋਂ ਕਰ ਕਰ ਕੇ ਇਹਨਾਂ ਅਕਾਲੀ ਸਿਆਸਤਦਾਨਾਂ ਨੇ ਧਰਮ ਦੇ ਪਿੰਡੇ ਦਾ ਸਾਰਾ ਖ਼ੂਨ ਨਿਚੋੜ ਸੁਟਿਆ ਹੈ।

ਇਹ ਅਕਾਲੀ ਵੀਰ ਧਰਮ ਨਾਲ ਵੀ ਸਿਆਸਤ ਵਰਤਦੇ ਹਨ। ਇਹਨਾਂ ਨੇ ਪੰਥਕ ਪਾਰਟੀ ਦਾ ਬੁਰਕਾ ਪਾਇਆ ਹੋਇਆ ਹੈ। ਗੱਲੀਂ ਬਾਤੀਂ ਇਹ ਸ੍ਰੀ ਅਕਾਲ ਤਖ਼ਤ ਨੂੰ ਸਰਵੁੱਚ ਦਸਦੇ ਹਨ, ਪਰ ਜਦੋਂ ਇਹਨਾਂ ਦੀਆਂ ਆਪ-ਹੁਦਰੀਆਂ ਹਰਕਤਾਂ ਨਾਲ ਪੰਥ ਦੀ ਹਾਨੀ ਹੁੰਦੀ ਵੇਖ ਕੇ, ਸ੍ਰੀ ਅਕਾਲ ਤਖਤ ਇਹਨਾਂ ਨੂੰ ਆਪ-ਮੁਹਾਰੀਆਂ ਤੋਂ ਰੋਕਦਾ ਟੋਕਦਾ ਹੈ ਤਾਂ ਇਹ ਕਾਂਵਾਂ-ਰੌਲੀ ਪਾ ਦੇਂਦੇ ਹਨ, "ਸ੍ਰੀ ਅਕਾਲ ਤਖਤ ਨੂੰ ਸਿਆਸਤ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।" ਇਹਨਾਂ ਅਕਲ ਦੇ ਧਨੀਆਂ ਤੋਂ ਕੋਈ ਪੁਛੇ ਕਿ ਜੇ ਧਰਮ ਦਾ ਸਿਆਸਤ ਵਿਚ ਕੋਈ ਦਖ਼ਲ ਨਹੀਂ ਤਾਂ "ਸਿਆਸਤ ਧਰਮ ਦੀ ਤਾਬਿਆ" ਦਾ ਹੋਰ ਕੀ ਭਾਵ ਹੈ, ਜਿਸ ਦਾ ਵਾਸਤਾ ਪਾ ਕੇ ਉਹ ਸਿਖ ਜਨਤਾ ਤੋਂ ਵੋਟਾਂ ਬਟੋਰਦੇ ਹਨ।

ਕੌਣ ਨਹੀਂ ਜਾਣਦਾ, ਵਰਤਮਾਨ ਕਾਲ ਵਿਚ ਚੌਧਰ ਦੀ ਕੁਰਸੀ ਤੇ ਬੈਠੇ ਇਹਨਾਂ ਅਕਾਲੀ ਭਾਈਆਂ ਨੇ ਇਕ ਵਾਰੀ ਨਹੀਂ, ਅਨੇਕ ਵਾਰੀ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਸ੍ਰੀ ਅਕਾਲ ਤਖ਼ਤ ਦੀ ਸ਼ੋਭਾ ਸ਼ਕਤੀ ਨੂੰ ਘਟਾਉਣ ਦੀ ਕਾਲੀ ਕਰਤੂਤ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਰੋਧੀਆਂ ਨੂੰ ਇਸ ਦੀ ਸ਼ੋਭਾ ਸ਼ਕਤੀ ਸਦਾ ਰੜਕਦੀ ਹੈ, ਇਸ ਲਈ ਉਹਨਾਂ ਨੇ ਸਦਾ ਹੀ ਸ੍ਰੀ ਅਕਾਲ ਤਖ਼ਤ ਦੇ ਬਾਗ਼ੀ ਅਕਾਲੀ ਟੋਲੇ ਦੀ ਪਿਠ ਠੋਕੀ ਹੈ।

ਧਰਮ ਦੇ ਵਾਰਸਾਂ ਮੂਹਰੇ ਇਹ ਸਮੱਸਿਆ ਗੰਭੀਰ ਰੂਪ ਵਿਚ ਆ ਖੜੀ ਹੈ ਕਿ ਇਹਨਾਂ ਟੁਕੜ-ਬੋਚ ਤੇ ਕੁਰਸੀਆਂ ਦੇ ਭੁਖੇ ਸਿਆਸਤਦਾਨਾਂ ਤੋਂ ਧਰਮ ਨੂੰ ਕਿਵੇਂ ਬਚਾਇਆ ਜਾਵੇ?

ਮਸਲਾ ਬਿਲਕੁਲ ਸਪਸ਼ਟ ਹੈ। ਧਰਮ ਤੇ ਸਿਆਸਤ ਇਹਨਾਂ ਦੋਹਾਂ ਦਾ ਮੂਲ-ਮੰਤਵ ਇਕ ਦੂਜੇ ਤੋਂ ਵਿਰੋਧੀ ਹੈ। ਧਰਮ ਮਨੁਖ ਨੂੰ ਸਤ, ਸੰਤੋਖ, ਦਇਆ, ਧਰਮ, ਧੀਰਜ, ਤਿਆਗ, ਕੁਰਬਾਨੀ, ਸਹਨ-ਸ਼ੀਲਤਾ ਤੇ ਪਰਉਪਕਾਰ

www.AKJ.Org

ਦਾ ਉਪਦੇਸ਼ ਦੇਂਦਾ ਹੈ, ਜਦ ਕਿ ਸਿਆਸਤ ਵਿਚ ਹਉਮੈ, ਨਿਜ-ਸੁਆਰਥ, ਲੋਭ ਲਾਲਚ, ਧੋਖਾ, ਫ਼ਰੇਬ, ਕੁਟਲਤਾ ਤੇ ਕੂੜ-ਕੁਸਤ ਦਾ ਵਰਤਾਰਾ ਪ੍ਰਤੱਖ ਵਰਤ ਰਿਹਾ ਹੈ। ਸੁਆਲ ਸਿੱਧਾ ਤੇ ਸਪੱਸ਼ਟ ਹੈ ਕਿ ਨਿਰਮਲਤਾ ਤੇ ਸੁਅਛਤਾ ਦੇ ਪੁੰਜ 'ਧਰਮ' ਦੀ ਕੁਟਿਲਤਾ ਤੇ ਕੁਸੱਤ ਦੀ ਪੁੰਜ 'ਸਿਆਸਤ' ਨਾਲ ਸਾਂਝ ਕਾਹਦੀ ? ਗੁਰ ਫ਼ੁਰਮਾਨ ਹੈ–

ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥੨੬॥ (੩੧੪)

ਅੱਜ ਤਕ ਦੀ ਧਰਮ ਤੇ ਸਿਆਸਤ ਦੀ ਭਾਈਵਾਲੀ ਦਾ ਨਤੀਜਾ ਸਾਡੇ ਸਾਹਮਣੇ ਹੈ। ਕੀ ਸਿਆਸਤ ਨੇ ਧਰਮ ਦਾ ਮੂੰਹ-ਮੱਥਾ ਵਿਗਾੜ ਕੇ ਇਸ ਦੀ ਪੁਜ਼ੀਸ਼ਨ ਹਾਸੋਹੀਣੀ ਨਹੀਂ ਕੀਤੀ ? ਕੀ ਅਜੇ ਕੋਈ ਕਸਰ ਬਾਕੀ ਹੈ ? ਕੀ ਇਸ ਤੋਂ ਸਬਕ ਨਹੀਂ ਸਿਖਣਾ ਬਣਦਾ ? ਗੁਰਬਾਣੀ ਅਗਵਾਈ ਕਰਦੀ ਹੈ :–

ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ ॥੬॥ (੧੩੬੮)

ਧਰਮ ਨੂੰ ਸਦਾ ਹੱਥ-ਠੋਕਾ ਬਣਾ ਕੇ ਵਰਤਣ ਵਲੇ ਕੁਟਲ ਸਿਆਸਤਦਾਨ ਆਪਣੇ ਸੁਆਰਥ ਲਈ ਇਸ ਸੰਬੰਧ ਵਿਚ ਫਿਰ ਮੀਰੀ ਪੀਰੀ ਦੀ ਸਾਂਝ ਦਾ ਹਵਾਲਾ ਦੇਣਗੇ। ਉਹਨਾਂ ਤੋਂ ਕੋਈ ਪੁਛੇ :–

(੧) ਕੀ 'ਖਾਲਸਈ ਮੀਰੀ' ਵੋਟਾਂ ਦੇ ਅਧਾਰ ਤੇ ਉਸਰੀ ਸੀ ?

(੨) ਕੀ 'ਖਾਲਸਈ ਮੀਰੀ' 'ਮੀਰੀ' ਦੀ ਤਾਬਿਆ ਵਿਚ ਸੀ ਜਾਂ ਇਸ ਤੋਂ ਉਪਰ ?

(੩) ਕੀ 'ਖਾਲਸਈ ਮੀਰੀ' 'ਪੀਰੀ' ਦੀ ਸ਼ੋਭਾ-ਸ਼ਕਤੀ ਵਧਾਉਣ ਲਈ ਸੀ ਜਾਂ ਇਸ ਦਾ ਨਮੂਜ ਬਿਗਾੜਨ ਲਈ, ਤੇ ਪੀਰੀ ਵਿਰੁਧ ਬਗਾਵਤ ਕਰਨ ਲਈ ?

(੪) ਕੀ 'ਖਾਲਸਈ ਮੀਰੀ' ਦਿਲੀ ਦੇ ਅਨਿਆਈਂ ਤੇ ਜ਼ਾਲਮ ਤਾਜਦਾਰਾਂ ਦੇ ਅਧੀਨ ਸੀ ਜਾਂ ਉਹਨਾਂ ਦੇ ਟਾਕਰੇ ਤੇ ?

(੫) ਕੀ 'ਖਾਲਸਈ ਮੀਰੀ' ਦਾ ਮੂਲ ਮੰਤਵ ਸਰਬੱਤ ਦਾ ਭਲਾ ਸੀ ਜਾਂ ਨਿਜੀ ਸੁਆਰਥ ਅਧੀਨ ਲੁਟ-ਖਸੁਟ ?

ਅਕਾਲੀ ਸਿਆਸਤਦਾਨਾਂ ਦੀ ਮੀਰੀ ਸਾਡੇ ਸਾਹਮਣੇ ਹੈ। ਹਕੂਮਤ ਦੀ ਕੁਰਸੀ ਤੇ ਬੈਠਾ ਅਕਾਲੀ-ਸਿਆਸਤ-ਦਾਨ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਾ ਹੈ। ਇਸ ਦਾ ਨਾ ਕੋਈ ਦੀਨ ਹੈ ਨਾ ਧਰਮ। ਇਕੋ ਨਿਸ਼ਾਨਾ ਹੈ ਬਸ ਕੁਝ ਮਿਲੇ ! ਕਿਧਰੋਂ ਮਿਲੇ !! ਕਿਵੇਂ ਮਿਲੇ !!! ਤੇ ਇਸ ਲਈ ਦੀਨ ਈਮਾਨ ਵੇਚਣ ਲਈ ਹਰ ਦਮ ਤਿਆਰ ਹੈ। 'ਪੰਜੇ ਐਬ ਸ਼ਰੱਈ' ਇਹ ਆਪਣਾ ਕਾਲਾ ਕਿਰਦਾਰ ਧਰਮ ਦੇ ਬੁਰਕੇ ਥਲੇ ਲੁਕਾਉਣ ਲਈ ਬਾਹਰੋਂ 'ਧਰਮ' 'ਧਰਮ' ਦੀ ਰਟ ਲਾਉਂਦਾ ਹੈ, ਉਂਜ ਅੰਦਰੋਂ ਇਸ ਦੀ ਨੀਯਤ ਖਰੀ ਨਹੀਂ।

ਸੋ ਹੁਣ ਸਮੇਂ ਦੀ ਵੰਗਾਰ ਹੈ ਕਿ ਧਰਮ ਦੇ ਵਾਰਸ ਧਰਮ ਨੂੰ ਸਿਆਸਤ ਦੇ ਚੁੰਗਲ ਵਿਚੋਂ ਕੱਢਣ ਲਈ ਖ਼ਬਰਦਾਰ ਹੋ ਜਾਣ। ਕੀ ਇਤਿਹਾਸ ਗਵਾਹ ਨਹੀਂ ਕਿ ਧਰਮ ਦੇ ਪਰਸਾਰ ਲਈ ਥਾਪੇ ਮਸੰਦ ਜਦੋਂ ਸੁਆਰਥੀ ਅਤੇ ਵਿਕਾਰੀ ਹੋ ਗਏ ਤਾਂ ਸਤਿਗੁਰਾਂ ਨੇ ਉਹਨਾਂ ਨੂੰ ਤੇਲ ਪਾ ਕੇ ਫੂਕਿਆ ਤੇ ਸਿਖ ਸੰਗਤਾਂ ਨੂੰ 'ਖਾਲਸਾ' ਬਣਾ ਕੇ ਸਿਧ ਆਪਣੇ ਨਾਲ ਜੋੜ ਲਿਆ।

ਅੱਜ ਵੀ ਲੋੜ ਹੈ ਕਿ ਸ੍ਰੀ ਅਕਾਲ ਤਖ਼ਤ, ਆਪਣੀ ਪ੍ਰਤੀਨਿਧ ਸੰਸਥਾ 'ਸ਼ਰੋਮਣੀ ਅਕਾਲੀ ਦਲ' ਨੂੰ ਕੁਟਲ ਸਿਆਸਤਦਾਨਾਂ ਦੇ ਪੰਜੇ ਤੋਂ ਖੋਹ ਕੇ ਸਿਧਾ ਆਪਣੇ ਨਾਲ ਜੋੜ ਲਵੇ। ਤੇ ਸ਼ਰੋਮਣੀ ਅਕਾਲੀ ਦਲ ਧਰਮ ਦੀ ਚੜ੍ਹਦੀ ਕਲਾ ਲਈ ਬਾਨ੍ਹਣੂੰ ਬੰਨ੍ਹੇ। ਇਸ ਮੰਤਵ ਲਈ ਅੰਮ੍ਰਿਤ-ਸਿੰਚਾਰ ਦੀ ਲਹਿਰ ਚਲਾਈ ਜਾਵੇ ਤੇ ਸਿਖ ਜਨਤਾ ਨੂੰ ਸ਼ਰਾਬ ਕਬਾਬ ਦੀ ਜਿਲ੍ਹਣ ਵਿਚੋਂ ਕਢ ਕੇ 'ਨਾਮ ਮਹਾ ਰਸ' ਵਲ ਪ੍ਰੇਰਤ ਕਰੇ। ਇਹ ਕੌਮੀ ਪਾਰਟੀ ਨਿਰੋਲ ਸਿਖ ਧਾਰਮਕ ਮੰਗਾਂ ਲਈ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਵਿਚ ਸੰਘਰਸ਼ ਕਰੇ।

ਸਿਰਲਥ ਮਰ-ਜੀਊੜਿਆਂ ਦੀ ਕੌਮੀ ਪਾਰਟੀ ਸ਼ਰੋਮਣੀ ਅਕਾਲੀ ਦਲ, ਜਿਸ ਦਾ ਬੜਾ ਗੌਰਵ-ਸ਼ੀਲ ਪਿਛੋਕੜ ਹੈ, ਸਾਰੇ ਗੁਰਦਵਾਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਏ, ਤਾਂ ਜੁ ਗੁਰਦਵਾਰਾ ਫ਼ੰਡ ਦੀ ਸਿਆਸੀ ਪ੍ਰਯੋਜਨਾਂ ਲਈ ਕੁਵਰਤੋਂ ਬੰਦ ਹੋਵੇ। ਕੁਰਸੀਆਂ ਦੇ ਇੱਛਕ ਸਿਆਸਤਦਾਨ ਆਪਣੀ ਕੋਈ ਵਖਰੀ ਸਿਆਸੀ ਪਾਰਟੀ ਪਏ ਬਣਾਉਣ, ਧਰਮ ਦੀ ਓਟ ਨਾ ਲੈਣ। ਏਸੇ ਵਿਚ ਪੰਥ ਦਾ ਭਲਾ ਹੈ।



www.AKJ.Org

# ਮਿਸ਼ਰਾ ਕਮਿਸ਼ਨ ਦੀ ਰਿਪੋਰਟ ਦੀ ਅਲੋਚਨਾ

ਨਵੀਂ ਦਿੱਲੀ, ੨੪ ਫਰਵਰੀ–(ਯੂ. ਐਨ. ਆਈ.) ਵੱਖ ਵੱਖ ਰਾਜਨੀਤਕ ਪਾਰਟੀਆਂ ਅਤੇ ਆਗੂਆਂ ਨੇ ਨਵੰਬਰ ੧੯੮੪ ਦੇ ਸਿੱਖਾਂ ਵਿਰੋਧੀ ਦੰਗਿਆਂ ਸਬੰਧੀ ਰੰਗਾ ਨਾਥ ਮਿਸ਼ਰਾ ਕਮਿਸ਼ਨ ਵਲੋਂ ਦਿੱਤੀ ਰਿਪੋਰਟ ਦੀ ਕਰੜੀ ਨੁਕਤਾਚੀਨੀ ਕੀਤੀ ਹੈ। ਸੀ. ਪੀ. ਆਈ. ਨੇ ਕਿਹਾ ਕਿ ੧੯੮੪ ਦੇ ਦੰਗਿਆਂ ਦੌਰਾਨ ਪੁਲਸ ਤੇ ਪ੍ਰਸ਼ਾਸਕੀ ਕੋਤਾਹੀਆਂ ਦੀ ਜਾਂਚ ਲਈ ਕਮੇਟੀ ਕਾਇਮ ਕਰਨਾ 'ਅੱਖਾਂ ਪੂੰਝਣ ਤੋਂ ਵਧ ਕੁਝ ਨਹੀਂ।' ਆਲ ਇੰਡੀਆ ਸਿੱਖ ਕਾਨਫਰੰਸ ਵਿਚ ਕਿਹਾ ਕਿ ਰਿਪੋਰਟ ਇਹ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਸਪੱਸ਼ਟ ਨਹੀਂ ਕਰ ਸਕੀ ਕਿ ਕਿਸੇ ਯੋਜਨਾਬੱਧ ਕਾਰਵਾਈ ਤੋਂ ਬਿਨਾਂ ਦਿੱਲੀ ਦੰਗੇ ਹੋਏ ਕਿਵੇਂ। ਸੀ. ਪੀ. ਆਈ. ਦੇ ਆਗੂ ਸ੍ਰੀ ਰਾਜੇਸ਼ਵਰ ਰਾਓ ਨੇ ਕਿਹਾ ਕਿ ਮਿਸ਼ਰਾ ਕਮਿਸ਼ਨ ਨੇ ਸਾਰਾ ਦੋਸ਼ ਸਮਾਜ ਵਿਰੋਧੀ ਅਨਸਰਾਂ ਸਿਰ ਅਤੇ ਪੁਲਸ ਤੇ ਪ੍ਰਸ਼ਾਸਨ ਦੀ ਨਾਅਹਿਲੀਅਤ ਤੇ ਮੜ੍ਹਿਆ ਹੈ। ਉਹਨਾਂ ਕਿਹਾ, 'ਸਾਨੂੰ ਇਹ ਕਹਿਣਾ ਪਵੇਗਾ ਕਿ ਕੇਂਦਰ ਵਿਚ ਇੰਕਾ ਸਰਕਾਰ ਅਤੇ ਯੂ ਪੀ ਤੇ ਮੱਧ ਪ੍ਰਦੇਸ਼ ਦੀਆਂ ਇੰਕਾ ਸਰਕਾਰਾਂ ਸਿੱਖ ਫਿਰਕੇ ਵਿਰੋਧੀ ਜੁਰਮਾਂ ਲਈ ਆਪਣੀ ਰਾਜਨੀਤਕ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀਆਂ।' ਚੰਡੀਗੜ੍ਹ ਵਿਚ ਹੁਕਮਰਾਨ ਅਕਾਲੀ ਦਲ ਦੇ ਕਾਨੂੰਨੀ ਸਲਾਹਕਾਰ ਡਾ: ਗੁਰਨਾਮ ਸਿੰਘ ਤੀਰ ਨੇ ਇਸ ਰਿਪੋਰਟ ਨੂੰ ਰਾਜਨੀਤਕ ਫੈਸਲਾ ਦਸਿਆ। ਉਹਨਾਂ ਕਿਹਾ ਕਿ ਇਹ ਰਿਪੋਰਟ ਸਿੱਖਾਂ ਨੂੰ ਵੀ ਮਨਜ਼ੂਰ ਨਹੀਂ, ਸਗੋਂ ਮਾਨਵੀ ਆਦਰ ਅਤੇ ਆਜ਼ਾਦੀ ਦਾ ਸਤਿਕਾਰ ਕਰਨ ਵਾਲੇ ਕਿਸੇ ਵੀ ਸ਼ਹਿਰੀ ਨੂੰ ਮਨਜ਼ੂਰ ਨਹੀਂ। ਜਨਤਾ ਪਾਰਟੀ ਦੇ ਆਗੂ ਜਾਰਜ ਫਰਨਾਡੇਜ਼ ਨੇ ਬੰਬਈ ਵਿਚ ਕਿਹਾ ਕਿ ਰਿਪੋਰਟ ਇਕ ਬਹੁਤ ਵੱਡਾ ਝੂਠ ਹੈ ਅਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜੇਕਰ ਮਿਸ਼ਰਾ ਕਮਿਸ਼ਨ ਸੱਚਾਈ ਬੇਪਰਦਾ ਕਰਨ ਲਈ ਕੋਈ ਵੀ ਇਮਾਨਦਾਰ ਯਤਨ ਕਰਦਾ ਤਾਂ ਇਹ ਯਤਨ ਉਸ ਨੂੰ ਇੰਕਾ ਦੇ ਕਈ ਟੀਸੀ ਦੇ ਲੀਡਰਾਂ ਦੇ ਘਰਾਂ ਤਕ ਲੈ ਜਾਂਦਾ। ਅਜੀਤ, ੨੫-੨-੮੭

---

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸਿਖ ਸੰਗਤਾਂ ਵਲੋਂ ਸਿਖ ਪੀੜਤ ਪਰਵਾਰਾਂ ਲਈ ਇਸ ਮਹੀਨੇ ਹੇਠ ਲਿਖੇ ਅਨੁਸਾਰ ਰਕਮਾਂ ਪੁਜੀਆਂ ਹਨ—

| | | | |
|---|---|---|---|
| ਸ: ਤਾਰਾ ਸਿੰਘ, ਬੰਬਈ-੬੪ | ੫੦੦-੦੦ | ਭਾ: ਸੋਭਾ ਸਿੰਘ ਹਰਮਿੰਦਰ ਸਿੰਘ, ਹੁਸ਼ਿਆਰਪੁਰ | ੧੦੧-੦੦ |
| ਸਿਖ ਸੰਗਤ ਗੁਰੂ ਨਾਨਕ ਗੁਰਦਵਾਰਾ ਵੈਸਟ ਬ੍ਰਾਮਵਿਚ ਯੂ ਕੇ (ਕੀਰਤਨ ਭੇਟ) | ੭੮੩-੪੦ | ਸ: ਪ੍ਰਿਤਪਾਲ ਸਿੰਘ, ਆਦਮਪੁਰ (ਜਲੰਧਰ) | ੧੦੦-੦੦ |
| | | ਬੀਬੀ ਜਸਵਿੰਦਰ ਕੌਰ, ਧੌਲਾ (ਸੰਗਰੂਰ) | ੫੦-੦੦ |
| ਸਾਧ ਸੰਗਤ ਕੋਵੈਨਟਰੀ (ਕੀਰਤਨ ਭੇਟ) ਯੂ. ਕੇ. | ੧੧੭੫-੦੦ | ਗੁਰੂ ਨਾਨਕ ਗੁਰਦਵਾਰਾ, ਵੈ: ਬ੍ਰਾਮਵਿਚ ਯੂ. ਕੇ. | ੨੦੬੪-੭੦ |
| ਭਾ:ਬਲਕਾਰਸਿੰਘ ਕੁਲਦੀਪਸਿੰਘ ਕੋਵੈਨਟਰੀ ,, | ੪੮੯-੭੦ | ਭਾ: ਮਲਕੀਤ ਸਿੰਘ, ਸਮੈਥਵਿਕ ਯੂ ਕੇ | ੯੮੩-੨੦ |
| ਬਸ ਕਲੱਬ ਕੋਵੈਨਟਰੀ ,, | ੩੩੩-੦੦ | ਪਰਵਾਰ ਭਾਈ ਗੁਰਮੇਜ ਸਿੰਘ ਯੂ ਕੇ | ੯੮੩੧-੬੦ |
| ਸ: ਪ੍ਰਦੱਮਨ ਸਿੰਘ, ਸੋਡਲ ਰੋਡ, ਜਲੰਧਰ | ੧੦੦-੦੦ | ਸ੍ਰੀ ਦਸਮੇਸ਼ ਗੁਰਦਵਾਰਾ Koln ਵੈਸਟ ਜਰਮਨੀ | ੫੨੧-੦੦ |
| ਸ: ਪਰਮਿੰਦਰ ਸਿੰਘ ਖ਼ਾਨਪੁਰ ਸਹੋਤਾ (ਹੁਸ਼ਿਆਪੁਰ) | ੧੦੦-੦੦ | ਭਾ: ਬਚਨ ਸਿੰਘ ਸੁਰਜੀਤ ਸਿੰਘ, ਮਸਕਟ | ੧੦੦੦-੦੦ |
| ਗੁਰਦਵਾਰਾ ਸੰਗਤ ਸਾਹਿਬ Huddinge(ਸਵੀਡਨ) | ੨੧੪੦-੬੦ | ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ | ੫੦੧-੦੦ |
| ਗੁਰ: ਸੰਗਤ ਸਾਹਿਬ Sodertalje (ਸਵੀਡਨ) | ੧੦੫੧੮-੩੪ | ਸ: ਓਅੰਕਾਰ ਸਿੰਘ ਅਖੰਡ ਕੀਰਤਨੀ ਜਥਾ ਟਾਂਡਾ | ੧੮੦-੦੦ |
| ਸ: ਅਮਰਸਿੰਘ ਨਵੀਂ ਦਿਲੀ(ਡਾ: ਅਜੀਤਸਿੰਘ ਨਮਿਤ) | ੮੦-੦੦ | ਭਾਈ ਸੰਤੋਖ ਸਿੰਘ, ਅੰਮ੍ਰਿਤਸਰ | ੨੫-੦੦ |
| ਸ: ਦਲਜੀਤ ਸਿੰਘ ਆਰਲਿੰਗਟਨ ਯੂ. ਕੇ. | ੩੭੫੦-੦੦ | ਗੁਪਤ | ੨੦-੦੦ |
| ਭਾ: ਸੁਰਿੰਦਰ ਸਿੰਘ, ਲਮਿੰਗਟਨ ਸਪਾ ਯੂ. ਕੇ. | ੧੧੮੯-੦੦ | ਸ: ਕੇਹਰ ਸਿੰਘ, Dharaoo (ਬਿਹਾਰ) | ੨੧-੦੦ |
| ਬੀ. ਐਸ. ਸਿਧੂ, ਲੰਡਨ ਯੂ. ਕੇ. | ੧੭੯-੦੦ | ਭਾ: ਰਜਿੰਦਰ ਸਿੰਘ ਗੁਰਦੇਵ ਕੌਰ ਢਢਿਆਲਾ | ੫੦੦-੦੦ |
| ਸ: ਗਿਆਨ ਸਿੰਘ ਹੁੰਜਨ, ਰੈਡਿੰਗ ਯੂ. ਕੇ. | ੧੭੮-੦੦ | ਸ ਹਰਜਿੰਦਰ ਸਿੰਘ, ਕਠਮੰਡੂ (ਨੇਪਾਲ) | ੫੦੦-੦੦ |
| ਸ. ਟਹਿਲ ਸਿੰਘ ਗਰੇਵਜ਼ੈਂਡ ,, | ੩੩੬੭-੦੦ | ਗਿ: ਸੁਬੇਗ ਸਿੰਘ, ਸਿਡਨੀ (ਆਸਟਰੇਲੀਆ) | ੨੦੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਸਹਾਇਤਾ

| | |
|---|---|
| ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ ਪਿੰਡ ਅਖਾੜਾ (ਲੁਧਿਆਣਾ) ਮਾਸਕ ਸਹਾਇਤਾ | ੩੦੦-੦੦ |
| ਬੀਬੀ ਗੁਰਦੇਵ ਕੌਰ ਸਪੁਤਰੀ ਸ: ਵਸਣ ਸਿੰਘ ਅੰਮ੍ਰਿਤਸਰ | ੫੦੦੦-੦੦ |
| ਬੀਬੀ ਸੁਖਵਿੰਦਰ ਕੌਰ ਸਪੁਤਰੀ ਸ: ਹਰਭਜਨ ਸਿੰਘ, ਅੰਮ੍ਰਿਤਸਰ | ੫੦੦੦-੦੦ |
| ਗਿ: ਪ੍ਰੀਤਮ ਸਿੰਘ, ਡਾਲੋ ਮਾਜਰਾ (ਪਟਿਆਲਾ) | ੫੦੦੦-੦੦ |

www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਰੈਣ ਸਬਾਈਆਂ ਅਤੇ ਸ੍ਰੀ ਅਖੰਡ ਪਾਠ

ਇਨ੍ਹਾਂ ਕੀਰਤਨ-ਸਮਾਗਮਾਂ ਵਿਚ ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਤਖ਼ਤ ਸ੍ਰੀ ਪਟਨਾ ਸਾਹਿਬ ਹਾਜ਼ਰੀਆਂ ਭਰ ਰਹੇ ਹਨ ।

(1) 7-3-1987 (ਵਾਲਸਾਲ) ਕੀਰਤਨ ਰੈਣ ਸਬਾਈ ਸ਼ਨੀਵਾਰ ਰਾਤ, ਗੁਰਦਵਾਰਾ ਗੁਰੂ ਨਾਨਕਸਰ, 4-ਵਲਿੰਗਟਨ ਸਟਰੀਟ, ਪਲੈਕ, ਵਾਲਸਾਲ, ਫ਼ੋਨ 0922-641040 ਅਤੇ 0922-644699

(2) 13,14,15 ਮਾਰਚ (ਲਮਿੰਗਟਨ ਸਪਾ) ਸ੍ਰੀ ਅਖੰਡਪਾਠ ਤੇ ਕੀਰਤਨ ਗਰਦਵਾਰਾ ਸਾਹਿਬ ਲਮਿੰਗਟਨ ਸਪਾ, ਫ਼ੋਨ 0926-24297 ਤੇ 0926-490265

(3) 21-3-1987 (ਮੇਡਨ ਹੈਡ) ਸ਼ਨੀਵਾਰ ਰਾਤ, ਰੈਣ ਸਬਾਈ ਕੀਰਤਨ ਗੁਰਦਵਾਰਾ ਗੁਰੂ ਨਾਨਕ ਸਤਸੰਗ ਸਭਾ, 31-ਰਟਲੈਂਡ ਰੋਡ, ਮੇਡਨ ਹੈਡ, ਫ਼ੋਨ : 0628-23507

ਵਧੇਰੇ ਜਾਣਕਾਰੀ ਲਈ—ਭਾਈ ਦੀਦਾਰ ਸਿੰਘ 0484-545165, ਭਾਈ ਜੁਗਿੰਦਰ ਸਿੰਘ 0533-764179
ਭਾਈ ਗਿਆਨ ਸਿੰਘ 01-470-7735, ਭਾਈ ਰਾਜਿੰਦਰ ਸਿੰਘ 0384-237341
ਭਾਈ ਸਵਰਨ ਸਿੰਘ ਸ਼ੇਰੇ ਪੰਜਾਬ 021-538-8100, ਭਾਈ ਗੁਰਨਾਮ ਸਿੰਘ 0784-67900

## ਇੰਗਲੈਂਡ ਦੇ ਚੰਦੇ ਤੇ ਅਮਾਨਤੀ ਲਾਈਫ਼ ਮੈਂਬਰੀ ਦੇ ਬਕਾਏ ਯੂ. ਕੇ. ਵਿਚ ਜਮ੍ਹਾ ਕਰਾਓ ਜੀ

S. Gurnam Singh 10-Lambourne Gardens, Early, Readings, Berks U.K.

---

## ਪਿੰਡ ਬਲੋਲਪੁਰ (ਬਟਾਲਾ-ਗੁਰਦਾਸਪੁਰ ਰੋਡ) ਵਿਖੇ ਗੁਰਮਤਿ ਸਮਾਗਮ

ਭਾਈ ਸੁਰੈਣ ਸਿੰਘ ਬੇਨਤੀ ਕਰਦੇ ਹਨ ਕਿ ਗੁ: ਬੰਗਲਾ ਸਾਹਿਬ ਬਲੋਲਪੁਰ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਡਾ: ਬਸੰਤ ਸਿੰਘ ਜੀ ਦੀ ਯਾਦ ਵਿਚ ੨ ਤੋਂ ੪ ਅਪ੍ਰੈਲ ਸ੍ਰੀ ਅਖੰਡਪਾਠ ਹੋਣਗੇ ਅਤੇ ੪ ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋਣਗੇ । ਆਏ ਦੀਦਾਰ ਬਖ਼ਸ਼ੋ ਤੇ ਲਾਹੇ ਪ੍ਰਾਪਤ ਕਰੋ ਜੀ ।

---

## ਪਿੰਡ ਘਣਗਸ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ਭਾਈ ਧਰਮ ਸਿੰਘ ਦੇ ਗ੍ਰਿਹ ਵਿਖੇ ੨੧ ਮਾਰਚ ਸ਼ਨੀਵਾਰ ਰਾਤ ਨੂੰ ਹੋ ਰਹੇ ਕੀਰਤਨ ਰੈਣ ਸਬਾਈ ਵਿਚ ਆਇ ਜੁੜੋ ਜੀ ।

---

## ਅਖੰਡ ਕੀਰਤਨੀ ਜਥਾ ਮੋਗਾ ਵਲੋਂ ਦੋ ਪ੍ਰੋਗਰਾਮ

(੧) ੮ ਮਾਰਚ ਐਤਵਾਰ ਸਵੇਰੇ ੭ ਤੋਂ ੧੧ ਅਖੰਡ ਕੀਰਤਨ ਭਾਈ ਬਲਵੰਤ ਸਿੰਘ ਪਿੰਡ ਵੈਰੋਕੀ (ਮੋਗਾ) ਦੇ ਗ੍ਰਿਹ ਵਿਖੇ ।

(੨) ੨੨ ਮਾਰਚ ਐਤਵਾਰ ਸਵੇਰੇ ੭ ਤੋਂ ੧੧ ਅਖੰਡ ਕੀਰਤਨ ਬੀਬੀ ਭਾਨ ਕੌਰ ਨੇੜੇ ਸੈਂਟਰਲ ਕੋਆਪਰੇਟਿਵ ਬੈਂਕ (ਸਾਹਮਣੇ ਮਿਸ਼ਨ ਸਕੂਲ) ਜੀ. ਟੀ. ਰੋਡ, ਮੋਗਾ ਦੇ ਗ੍ਰਿਹ ਵਿਖੇ ।

---

## ਵੈਰੋਵਾਲ (ਬਾਨੇਵਾਲਾ) ਜ਼ਿਲਾ ਅੰਮ੍ਰਿਤਸਰ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਮਾਸਟਰ ਬਲਦੇਵ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੭ ਮਾਰਚ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਦੀਦਾਰ ਬਖ਼ਸ਼ੋ ਜੀ ।

---

## ਮੂਸਾਪੁਰ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਰਾਜਿੰਦਰ ਸਿੰਘ ਬੇਨਤੀ ਕਰਦੇ ਹਨ ਕਿ ੨੮ ਮਾਰਚ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ। ਫਗਵਾੜਾ-ਨਵਾਂ ਸ਼ਹਿਰ ਰੋਡ ਤੇ ਕਾਹਮੋਂ ਤੋਂ ੨ ਕਿਲੋਮੀਟਰ ਹੈ । ਕਾਹਮੋਂ ਤੋਂ ਟ੍ਰਾਲੀਆ ਦਾ ਪਰਬੰਧ ਹੈ ਜੀ ।

---

## ਪਿੰਡ ਸੂਰਜ ਮੱਲ ਕੋਟਲਾ ਨੇੜੇ ਸ਼ਾਹਕਟ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਜਰਨੈਲ ਸਿੰਘ ਬੇਨਤੀ ਕਰਦੇ ਹਨ ਕਿ ੭ ਮਾਰਚ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਦਰਸ਼ਨ ਬਖ਼ਸ਼ੋ ਜੀ । ਸ਼ਾਹਕੋਟ ਢੰਡੋਵਾਲ ਰੋਡ ਤੇ ਸ਼ਾਹਕੋਟ ਤੋਂ ੩ ਕਿਲੋਮੀਟਰ ਤੇ ਪਿੰਡ ਸੂਰਜ ਮੱਲ ਕੋਟਲਾ ਹੈ ।

---

## ਸ਼ਹੀਦ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿਚ ਕੁਰਾਲਾ (ਹੁਸ਼ਿਆਰਪੁਰ) ਵਿਖੇ ਸਮਾਗਮ

ਅਖੰਡ ਕੀਰਤਨੀ ਜਥਾ ਦਸੂਹਾ-ਟਾਂਡਾ (ਹੁਸ਼ਿਆਰਪੁਰ) ਵਲੋਂ ਸ਼ਹੀਦ ਦੇ ਗ੍ਰਿਹ ਵਿਖੇ ੨ ਤੋਂ ੪ ਅਪ੍ਰੈਲ ਨੂੰ ਸ੍ਰੀ ਅਖੰਡਪਾਠ ਤੋਂ ਉਪ੍ਰੰਤ ਸਵੇਰੇ ੧੨ ਵਜੇ ਤਕ ਕੀਰਤਨ ਤੇ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ

www.AKJ.Org

# ਵੈਸਾਖੀ ਦਾ ਕੇਂਦਰੀ ਅਖੰਡ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

**ਐਤਵਾਰ ਸਵੇਰ ੧੨ ਅਪ੍ਰੈਲ ਤੋਂ ੧੫ ਅਪ੍ਰੈਲ ਬੁਧਵਾਰ ਸਵੇਰ ਤਕ—ਵੇਰਵਾ ਆਉਂਦੇ 'ਸੂਰਾ' ਵਿਚ**

## ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

### ਸ਼ੁਕਰਵਾਰ ਸਵੇਰੇ ੧੩ ਮਾਰਚ ਤੋਂ ੧੬ ਮਾਰਚ ੧੯੮੭ ਸੋਮਵਾਰ ਤਕ

ਪਿਛਲੇ ਸਾਲਾਂ ਵਾਂਗ ਅਖੰਡ ਕੀਰਤਨੀ ਜਥਿਆਂ ਵਲੋਂ ਹੋਲਾ ਮਹੱਲਾ ਸਮਾਗਮ ਕਲਗੀਧਰ ਪਾਤਸ਼ਾਹ ਦੀ ਨਗਰੀ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ) ਅਨੰਦਪੁਰ ਸਾਹਿਬ ਵਿਖੇ ਹੋ ਰਿਹਾ ਹੈ। ਪ੍ਰੋਗਰਾਮ ਇਉਂ ਹੈ—

| | |
|---|---|
| ੧੩-੩-੮੭ ਸਵੇਰੇ ੫ ਵਜੇ ਸ੍ਰੀ ਅਖੰਡ ਪਾਠ ਅਰੰਭ | ਗੁ: ਕਲਗੀਧਰ ਕੀਰਤਨ ਦਰਬਾਰ |
| ਸ਼ਾਮ ੭ ਤੋਂ ੯ ਸੋਦਰ ਦੀ ਚੌਕੀ | ਗੁਰਦੁਆਰਾ ਲੋਹਗੜ੍ਹ ਸਾਹਿਬ |
| ੧੪-੩-੮੭ ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਅਖੰਡ ਕੀਰਤਨ | ਗੁ: ਕਲਗੀਧਰ ਕੀਰਤਨ ਦਰਬਾਰ |
| ਸ਼ਾਮ ੭ ਤੋਂ ੯ ਅਖੰਡ ਕੀਰਤਨ | ਤਖਤ ਸ੍ਰੀ ਕੇਸਗੜ੍ਹ ਸਾਹਿਬ |
| ੧੫-੩-੮੭ ਸਵੇਰੇ ੫ ਵਜੇ ਭੋਗ, ਸ੍ਰੀ ਅਖੰਡਪਾਠ ਦੋ ਵਜੇ ਤਕ ਕੀਰਤਨ | ਗੁ: ਕਲਗੀਧਰ ਕੀਰਤਨ ਦਰਬਾਰ |
| ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ | ਗੁ: ਕਲਗੀਧਰ ਕੀਰਤਨ ਦਰਬਾਰ |

੧੬-੩-੮੭ ਸਵੇਰੇ, ੭ ਵਜੇ ਸਮਾਪਤੀ। ਨੋਟ :—ਲੰਗਰ ਤਿਆਰ ਕਰਨ ਦੀ ਸੇਵਾ ਜ਼ਿਲੇਵਾਰ ਸੰਗਤਾਂ ਸੰਭਾਲਣ ਜੀ। ਰਿਹਾਇਸ਼ ਦਾ ਪਰਬੰਧ ਕੇਵਲ ਅੰਮ੍ਰਿਤਧਾਰੀ ਸੰਗਤਾਂ ਲਈ ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ ਹੋਵੇਗਾ। ਸਮਾਪਤੀ ਪਿਛੋਂ ਰਿਹਾਇਸ਼ ਦਾ ਕੋਈ ਪਰਬੰਧ ਨਹੀਂ। ਆਪਣੀ ਲੋੜ ਲਈ ਆਪਣੇ ਬਿਸਤਰੇ ਜ਼ਰੂਰੀ ਲੈ ਕੇ ਆਓ ਜੀ।

ਪੁਛ ਗਿਛ : ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਬੰਗਾ (ਜਲੰਧਰ)

(੨) ਭਾਈ ਅਵਤਰਾਰ ਸਿੰਘ, ੧੬੯-ਆਰ, ਮਾਡਲ ਟਾਊਨ, ਹੁਸ਼ਿਆਰਪੁਰ

## ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਵਰੋਸਾਏ ਲਾਡਲੇ ਢਾਡੀ ਬੱਚਿਆਂ ਦੀ ਯਾਦ ਵਿਚ ਸਾਲਾਨਾ ਸਮਾਗਮ

ਵੀਰ ਸੂਰਤ ਸਿੰਘ ਪੂਰਨ ਜੀ ਤੇ ਬੀਬੀ ਭੁਪਿੰਦਰ ਕੌਰ ਜੀ ਦੇ ਨੌਨਿਹਾਲ ਕੀਰਤਨੀ ਲਾਲ ਵੀਰਿੰਦਰ ਸਿੰਘ ਤੇ ਰੁਪਿੰਦਰ ਸਿੰਘ ਦੀ ਸਾਲਾਨਾ ਯਾਦ ਵਿਚ ਪੰਜ ਸ੍ਰੀ ਅਖੰਡ ਪਾਠ ਹੋ ਰਹੇ ਹਨ। ਤਿੰਨ ਪਾਠ ੩੭ ਬ੍ਰਹਮ ਬੂਟਾ ਕਾਲੋਨੀ (ਨੇੜੇ ਗੁਰੂ ਰਾਮਦਾਸ ਨਿਵਾਸ) ਵਿਖੇ ੧ ਤੋਂ ੭ ਅਪ੍ਰੈਲ ਤਕ ਹੋਣਗੇ। ੫ ਅਪ੍ਰੈਲ ਸਵੇਰੇ ੧੧ ਵਜੇ ਤਕ ਕੀਰਤਨ ਅਖਾੜੇ ਸਜਣਗੇ। ੭ ਤੋਂ ੯ ਅਪ੍ਰੈਲ ੪੭੩ ਈਸਟ ਮੋਹਨ ਨਗਰ ਵਿਖੇ ਸ੍ਰੀ ਅਖੰਡ ਪਾਠ ਹੋਣਗੇ ਅਤੇ ੯ ਤੋਂ ੧੧ ਅਪ੍ਰੈਲ ਵੀਰ-ਰੂਪ ਵਿਲਾ, ੧੯੫ ਅਜੀਤ ਨਗਰ ਵਿਖੇ ਸ੍ਰੀ ਅਖੰਡ ਪਾਠ ਉਪਰੰਤ ਸਵੇਰੇ ੧੦ ਵਜੇ ਤਕ ਕੀਰਤਨ ਹੋਣਗੇ। ਹਾਜ਼ਰੀਆਂ ਭਰ ਕੇ ਪਿਆਰੇ ਲਾਲਾਂ ਨੂੰ ਸਚਖੰਡੀ ਅੰਮ੍ਰਿਤ ਭੋਜਨ ਦੀ ਸੁਗਾਤ ਭੇਜ ਕੇ ਕਿਰਤਾਰਥ ਕਰੋ ਜੀ।

## ਲੁਧਿਆਣਾ (੧੬ ਚੀਮਾ ਪਾਰਕ) ਵਿਖੇ ਸ਼ਹੀਦ ਗੁਰਚਰਨ ਸਿੰਘ ਜੀ ਦੀ ਯਾਦ ਵਿਚ ਸਮਾਗਮ

ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਐਤਵਾਰ ੨੨ ਮਾਰਚ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਦੋ ਵਜੇ ਤਕ ਕੀਰਤਨ ਵਿਚ ਦਰਸ਼ਨ ਬਖਸ਼ੋ ਜੀ। ਦਾਸਰੇ—ਸੰਗਤ ਅਤੇ ਭਾਈ ਦਇਆ ਸਿੰਘ ਆਦਿ।

## ਹੁਸ਼ਿਆਰਪੁਰ (ਪ੍ਰੇਮ ਗੜ੍ਹ, ੧੩੫ ਗੜ੍ਹੀ ਬੂਹਾ ਗਲੀ) ਵਿਖੇ ਸ਼ਹੀਦ ਕੇਵਲ ਸਿੰਘ ਦੀ ਯਾਦ 'ਚ ਕੀਰਤਨ

ਐਤਵਾਰ ੨੯ ਮਾਰਚ ਨੂੰ ਸ਼ਹੀਦ ਦੇ ਗ੍ਰਿਹ ਵਿਖੇ ਸਵੇਰੇ ੮ ਤੋਂ ੧੨ ਵਜੇ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਫ਼ਤਹਪੁਰ (ਹੁਸ਼ਿਆਰਪੁਰ-ਟਾਂਡਾ ਰੋਡ) ਵਿਖੇ ਰੈਣ ਸਬਾਈ ਕੀਰਤਨ

ਭਾਈ ਅਨੂਪ ਸਿੰਘ ਦੇ ਗ੍ਰਿਹ ਵਿਖੇ ੨੧ ਮਾਰਚ ਸ਼ਨੀਵਾਰ ਨੂੰ ਕੀਰਤਨ ਵਿਚ ਆਇ ਜੁੜੋ ਜੀ। ਬਸ ਸਟੈਂਡ (ਨੇੜੇ ਪਟਰੋਲ ਪੰਪ) ਤੋਂ ਸੰਗਤਾਂ ਲਈ ਟਰਾਲੀ ਚਲੇਗੀ।

## 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org